MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 11 ISSUE: 29 SATURDAY, 22 JULY, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਬੀ.ਸੀ. ਸਰਕਾਰ ਵਲੋਂ ਸਰੀ ਪੁਲਿਸ ਪ੍ਰਕਿਰਿਆ ਜਾਰੀ ਰੱਖਣ ਦੇ ਹੁਕਮ

## ਆਰ.ਸੀ.ਐਮ.ਪੀ. ਨੂੰ ਅਧਿਕਾਰਿਤ ਪੁਲਿਸ ਰੱਖਣ ਦਾ ਕੇਸ ਦਮਦਾਰ ਨਹੀਂ-ਮਾਈਕ ਫਾਰਨਵਰਥ

ਵਿਕਟੋਰੀਆ-ਬੀ. ਸੀ. ਐਨ. ਡੀ. ਪੀ. ਸਰਕਾਰ ਨੇ ਸਖਤੀ ਨਾਲ ਸਰੀ ਸਿਟੀ ਕੌਂਸਲ ਨੂੰ ਸਰੀ ਆਰ ਸੀ ਐਮ ਪੀ ਨੂੰ ਸ਼ਹਿਰ ਦੀ ਅਧਿਕਾਰਿਤ ਪੁਲਿਸ ਵਜੋਂ ਬਰਕਰਾਰ ਰੱਖਣ ਦੀ ਆਪਣੀ ਯੋਜਨਾ ਨੂੰ ਛੱਡਣ ਅਤੇ ਸਰੀ ਪੁਲਿਸ ਟਰਾਂਜੀਸ਼ਨ ਨੂੰ ਅੱਗੇ ਵਧਾਉਣ ਦੇ ਹੁਕਮ ਜਾਰੀ ਕੀਤੇ ਹਨ। ਜਨਤਕ ਸੁਰੱਖਿਆ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਬੁੱਧਵਾਰ ਨੂੰ ਵਿਕਟੋਰੀਆ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਪੁਲਿਸ ਐਕਟ ਦੇ ਸੈਕਸ਼ਨ 2 ਦੇ ਅਨੁਸਾਰ ਕਾਰਵਾਈ ਕਰਦੇ ਹੋਏ ਇਹ ਹੁਕਮ ਸੁਣਾਏ ਹਨ। ਉਹਨਾਂ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਅੰਤਿਮ ਫੈਸਲਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਸਰੀ ਦੀ ਚੁਣੀ ਹੋਈ ਕੌਂਸਲ ਕਾਨੂੰਨ ਦੀ ਪਾਲਣਾ ਕਰੇਗੀ। ਉਹਨਾਂ ਹੋਰ ਕਿਹਾ ਕਿ ਮੈਂ ਜਾਣਦਾ ਹਾਂ ਕਿ ਇਹ ਪੁਲਿਸ ਐਕਟ ਦੇ ਅਧੀਨ ਸ਼ਕਤੀਆਂ ਦੀ ਇੱਕ ਅਸਾਧਾਰਣ ਵਰਤੋਂ ਹੈ। ਯਕੀਨਨ ਇਹ ਫੈਸਲਾ ਹਲਕੇ ਤੌਰ 'ਤੇ ਨਹੀਂ ਲਿਆ ਗਿਆ। ਫਾਰਨਵਰਥ ਨੇ ਹੋਰ ਕਿਹਾ ਹੈ ਕਿ ਸਰੀ ਦੀ ਅਧਿਕਾਰਿਤ ਪੁਲਿਸ ਇਸ ਸਮੇਂ ਵੀ ਆਰ ਸੀ ਐਮ ਪੀ ਹੈ।





ਪਰ ਪਰਿਵਰਤਨ ਯੋਜਨਾ ਨੂੰ ਅੱਗੇ ਵਧਾਉਣ ਦੀ ਲੋੜ ਜਿੱਥੇ ਸਰੀ ਪੁਲਿਸ ਸਿਟੀ ਦੀ ਨਵੀਂ ਅਧਿਕਾਰਿਤ ਪੁਲਿਸ ਸੇਵਾ ਵਿੱਚ ਤਬਦੀਲ ਹੋ ਜਾਵੇਗੀ। ਜੋ ਮੈਂ ਅੱਜ ਸਪੱਸ਼ਟ ਕਰ ਰਿਹਾ ਹਾਂ ਉਹ ਇਹ ਹੈ ਕਿ ਮੈਂ ਇਹ ਨਿਰਦੇਸ਼ ਦੇ ਰਿਹਾ ਹਾਂ ਕਿ ਤਬਦੀਲੀ ਸਰੀ ਪੁਲਿਸ ਸੇਵਾ ਵੱਲ ਜਾਰੀ ਰਹੇਗੀ। ਸਿਟੀ ਆਫ਼ ਸਰੀ ਤੋਂ ਇੱਕ ਤਾਜ਼ਾ ਕਾਰਪੋਰੇਟ ਰਿਪੋਰਟ 'ਤੇ ਵਿਚਾਰ ਕਰਨ ਤੋਂ ਬਾਅਦ, ਫਾਰਨਵਰਥ ਨੇ ਪਾਇਆ ਕਿ ਸ਼ਹਿਰ ਆਪਣਾ ਕੇਸ ਬਣਾਉਣ ਵਿੱਚ ਅਸਫਲ ਰਿਹਾ ਹੈ ਕਿ RCMP ਨਾਲ ਜੁੜੇ ਰਹਿਣਾ।

*(ਬਾਕੀ ਸਫ਼ਾ 10 'ਤੇ)*

## ਮੰਤਰੀ ਦਾ ਫ਼ੈਸਲਾ ਨਿਰਾਸ਼ਾਜਨਕ ਤੇ ਗੁੰਮਰਾਹਕੁਨ-ਬਰੈਂਡਾ ਲੌਕ

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਸੂਬਾਈ ਸਰਕਾਰ ਦੇ ਫੈਸਲੇ 'ਤੇ ਮੀਡੀਆ ਦੇ ਸਵਾਲਾਂ ਦਾ ਸਾਹਮਣਾ ਕਰਨ ਦੀ ਬਿਜਾਏ ਇਸ ਫੈਸਲੇ ਖਿਲਾਫ ਇਕ ਪ੍ਰੈਸ ਨੋਟ ਜਾਰੀ ਕੀਤਾ ਹੈ। ਉਹਨਾਂ ਆਪਣੇ ਬਿਆਨ ਵਿਚ ਜਨਤਕ ਸੁਰੱਖਿਆ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਦੇ ਫੈਸਲੇ ਨੂੰ ਨਿਰਾਸ਼ਾਜਨਕ, ਗਲਤ ਧਾਰਨਾਵਾਂ 'ਤੇ ਅਧਾਰਤ ਅਤੇ ਗੁੰਮਰਾਹਕੁੰਨ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਅੱਜ ਜੋ ਵਾਪਰਿਆ ਹੈ ਉਹ ਲੋਕਾਂ ਦੁਆਰਾ ਚੁਣੀ ਹੋਈ ਸਥਾਨਕ ਸਰਕਾਰ ਦਾ ਵੀ ਅਪਮਾਨ ਹੈ। ਉਹਨਾਂ ਸਾਲੀਸਿਟਰ ਜਨਰਲ ਦੀ ਕਾਰਵੀ ਨੂੰ ਬੀ ਸੀ ਦੀਆਂ ਸਾਰੀਆਂ ਨਗਰਪਾਲਿਕਾਵਾਂ ਦੀ ਖੁਦਮੁਖਤਿਆਰੀ ਲਈ ਵੀ ਚੇਤਾਵਨੀ ਕਰਾਰ ਦਿੱਤਾ ਹੈ। ਮੇਅਰ ਬਰੈਂਡਾ ਲੌਕ ਨੇ ਹੋਰ ਕਿਹਾ ਕਿ ਜਨਤਕ ਸੁਰੱਖਿਆ ਮੰਤਰੀ ਦਾ ਸਪੱਸ਼ਟ ਕਹਿਣਆ ਹੈ ਕਿ ਸਰੀ ਦੇ ਸ਼ਹਿਰ ਕੋਲ ਇਸ ਮਾਮਲੇ ਵਿੱਚ ਕਦੇ ਕੋਈ ਵਿਕਲਪ ਨਹੀਂ ਹੈ। ਲੌਕ ਨੇ ਕਿਹਾ ਕਿ ਉਸਨੇ 'ਵਿਕਲਪਾਂ' ਦੀ ਪੜਚੋਲ ਕਰਨ ਲਈ ਸਿਟੀ ਕਾਉਂਸਿਲ ਵਿੱਚ ਆਪਣੇ ਸਾਥੀਆਂ ਅਤੇ ਸਿਟੀ ਸਟਾਫ ਨਾਲ ਮਿਲਣ ਦੀ ਯੋਜਨਾ ਬਣਾਈ ਹੈ।

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟ੍ਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
When you need strong legal representation
We lend a helping hand.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
An injury or legal dispute can leave you feeling lost. As a team with over 50 years' experience, we sit and listen. Our team understands Canadian law and how it relates to your rights, whether that means injury and compensation or settling a family dispute.
BBB ACCREDITED BUSINESS
We have translators fluent in Hindi and Punjabi.
Reach out for a legal consultation.
604 689 8888
simpsonthomas.com
@stalawyers
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting • Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 29 SATURDAY, 22 JULY, 2023
www.punjablinkpaper.com 604-503-5465


ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
Radio Punjab
Available on the App Store
Get it on Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

## ਪੁੱਡਾ ਦੀ ਜ਼ਮੀਨ ਕੌਡੀਆਂ ਦੇ ਭਾਅ ਖ਼ਰੀਦਣ ਦੇ ਮਾਮਲੇ 'ਚ ਮਨਪ੍ਰੀਤ ਬਾਦਲ ਤਲਬ



ਬਠਿੰਡਾ-ਵਿਜੀਲੈਂਸ ਬਿਊਰੋ ਨੇ ਤਤਕਾਲੀ ਕਾਂਗਰਸੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਕਾਂਗਰਸ ਦੀ ਸਰਕਾਰ ਦੌਰਾਨ ਸਿਆਸੀ ਪ੍ਰਭਾਵ ਨਾਲ ਬਠਿੰਡਾ 'ਚ ਪੁੱਡਾ ਦੀ ਵਪਾਰਕ ਜ਼ਮੀਨ ਨੂੰ ਰਿਹਾਇਸ਼ੀ ਬਣਾ ਕੇ ਕੌਡੀਆਂ ਦੇ ਭਾਅ ਖ਼ਰੀਦੇ ਜਾਣ ਦੇ ਕਥਿਤ ਦੋਸ਼ਾਂ ਹੇਠ ਤਲਬ ਕੀਤਾ ਹੈ। ਵਿਜੀਲੈਂਸ ਬਿਊਰੋ ਬਠਿੰਡਾ ਦੇ ਇਕ ਬੁਲਾਰੇ ਨੇ ਅਧਿਕਾਰਤ ਪੁਸ਼ਟੀ ਕਰਦਿਆਂ ਦੱਸਿਆ ਕਿ ਬਠਿੰਡਾ 'ਚ ਇਕ ਸਰਕਾਰੀ ਜ਼ਮੀਨ ਦੀ ਖ਼ਰੀਦੋ-ਫ਼ਰੋਖ਼ਤ ਦੇ ਮਾਮਲੇ ਸੰਬੰਧੀ ਬਠਿੰਡਾ ਦੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਵਲੋਂ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਬਿਊਰੋ ਨੂੰ ਦਿੱਤੀ ਗਈ ਦਰਖਾਸਤ ਦੀ ਪੜਤਾਲ ਸੰਬੰਧੀ ਮਨਪ੍ਰੀਤ ਸਿੰਘ ਬਾਦਲ ਨੂੰ 24 ਜੁਲਾਈ ਨੂੰ ਬਿਊਰੋ ਦੇ ਬਠਿੰਡਾ ਸਥਿਤ ਦਫ਼ਤਰ ਵਿਖੇ ਉਕਤ ਜ਼ਮੀਨ ਨਾਲ ਸੰਬੰਧਿਤ ਦਸਤਾਵੇਜ਼ ਲੈ ਕੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਗਏ ਹਨ, ਜਿਨ੍ਹਾਂ ਦੀ ਜਾਂਚ-ਪੜਤਾਲ ਬਾਅਦ ਅਗਲੇਰੀ ਬਣਦੀ ਕਾਰਵਾਈ ਵਿੱਢੀ ਜਾਵੇਗੀ।

## ਡੇਰਾ ਮੁਖੀ 30 ਦਿਨ ਦੀ ਪੈਰੋਲ 'ਤੇ ਜੇਲ੍ਹ 'ਚੋਂ ਰਿਹਾਅ



ਚੰਡੀਗੜ੍ਹ-ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਮਿਲੀ ਹੈ। ਪੈਰੋਲ ਮਿਲਦਿਆਂ ਹੀ ਉਹ ਭਾਰੀ ਸੁਰੱਖਿਆ ਵਿਚਾਲੇ ਸੁਨਾਰੀਆ ਜੇਲ੍ਹ ਤੋਂ ਯੂ.ਪੀ. ਸਥਿਤ ਆਪਣੇ ਬਰਨਾਵਾ ਡੇਰੇ ਪਹੁੰਚ ਗਿਆ ਹੈ। ਪੈਰੋਲ ਦੀ ਮਿਆਦ ਦੌਰਾਨ ਉਹ

*(ਬਾਕੀ ਸਫ਼ਾ 10 'ਤੇ)*

# ਮਨੀਪੁਰ ਦੇ ਵੀਡੀਓ ਕਾਂਡ ਕਾਰਨ ਸੰਸਦ 'ਚ ਹੰਗਾਮਾ

ਨਵੀਂ ਦਿੱਲੀ-ਸੰਸਦ ਦੇ ਮੌਨਸੂਨ ਸੈਸ਼ਨ ਦਾ ਪਹਿਲਾ ਦਿਨ ਕਾਫ਼ੀ ਹੰਗਾਮਾ ਭਰਪੂਰ ਰਿਹਾ ਤੇ ਮਨੀਪੁਰ ਘਟਨਾ ਤੋਂ ਨਾਰਾਜ਼ ਵਿਰੋਧੀ ਮੈਂਬਰਾਂ ਦੇ ਹੰਗਾਮੇ ਕਾਰਨ ਲੋਕ ਸਭਾ ਅੱਜ ਬਾਅਦ ਦੁਪਹਿਰ ਬਾਕੀ ਸਾਰੇ ਦਿਨ ਲਈ ਉਠਾਅ ਦਿੱਤੀ ਗਈ। ਇਸ ਤੋਂ ਪਹਿਲਾਂ ਸਵੇਰੇ ਇਸ ਨੂੰ ਮੁਲਤਵੀ ਕੀਤਾ ਗਿਆ। ਬਾਅਦ ਦੁਪਹਿਰ 2 ਵਜੇ ਜਦੋਂ ਸਦਨ ਮੁੜ ਜੁੜਿਆ ਤਾਂ ਹਾਲਾਤ ਪਹਿਲਾਂ ਵਾਲੇ ਰਹੇ ਤੇ ਪੰਜ ਮਿਟਾਂ ਦੇ ਅੰਦਰ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਦੂਜੇ ਪਾਸੇ ਮਨੀਪੁਰ ਹਿੰਸਾ 'ਤੇ ਨਿਯਮ 267 ਦੇ ਤਹਿਤ ਚਰਚਾ ਕਰਨ ਦੀ ਮੰਗ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ ਹੰਗਾਮੇ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਬਾਅਦ ਦੁਪਹਿਰ 2.08 ਵਜੇ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਹੰਗਾਮੇ ਕਾਰਨ ਸਦਨ 'ਚ ਕੰਮ ਨਹੀਂ ਹੋਇਆ।

### ਮੋਦੀ ਤੇ ਸ਼ਾਹ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੇ

ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨੀਪੁਰ ਵਿਚ ਔਰਤਾਂ ਦੀ ਨਗਨ ਪਰੇਡ ਦੇ ਬਾਰੇ ਦਿੱਤੇ ਬਿਆਨ ਤੋਂ ਬਾਅਦ ਕਿਹਾ ਕਿ ਪ੍ਰਧਾਨ ਮੰਤਰੀ ਨੇ ਸੂਬੇ ਵਿਚ ਜਾਤੀ ਟਕਰਾਅ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਤੇ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਨੂੰ ਵੀ ਅਹੁਦਾ ਛੱਡਣ ਦਾ ਨਿਰਦੇਸ਼ ਨਹੀਂ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਕਿਹਾ ਕਿ ਮੁੱਖ ਮੰਤਰੀ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੇ।

### ਅਜਿਹੀਆਂ ਹਰਕਤਾਂ ਨਾ-ਕਾਬਿਲ-ਏ-ਬਰਦਾਸ਼ਤ-ਸੁਪਰੀਮ ਕੋਰਟ



ਸੁਪਰੀਮ ਕੋਰਟ ਨੇ ਕਿਹਾ ਕਿ ਉਹ ਮਨੀਪੁਰ ਵਿੱਚ ਦੋ ਔਰਤਾਂ ਦੀ ਨਗਰ ਪਰੇਡ ਦੀ ਵੀਡੀਓ ਤੋਂ ਬਹੁਤ ਬੇਚੈਨ ਤੇ ਪਰੇਸ਼ਾਨ ਹੈ ਤੇ ਅਜਿਹੀਆਂ ਹਰਕਤਾਂ ਨੂੰ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਨੇ ਘਟਨਾ ਦਾ ਖ਼ੁਦ-ਬ-ਖ਼ੁਦ ਨੋਟਿਸ ਲੈਂਦਿਆਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਨੂੰ ਤੁਰੰਤ ਕਦਮ ਚੁੱਕਣ ਅਤੇ ਇਹ ਦੱਸਣ ਲਈ ਕਿ ਉਨ੍ਹਾਂ ਕੀ ਕਾਰਵਾਈ ਕੀਤੀ ਗਈ ਹੈ। ਅਦਾਲਤ ਨੇ ਕਿਹਾ ਕਿ ਉਹ ਸਰਕਾਰ ਨੂੰ ਕਾਰਵਾਈ ਕਰਨ ਲਈ ਕੁਝ ਸਮਾਂ ਦੇਵਾਂਗੀ ਅਤੇ ਜੇਕਰ ਜ਼ਮੀਨੀ ਪੱਧਰ 'ਤੇ ਕੋਈ ਕਾਰਵਾਈ ਨਹੀਂ ਹੋਈ ਤਾਂ ਸੁਪਰੀਮ ਕੋਰਟ ਕਾਰਵਾਈ ਕਰਾਂਗੀ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖ਼ਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀਸੀ ਯੂਨਾਈਟਿਡ ਲੀਡਰ ਕੇਵਿਨ ਫਾਲਕਨ ਵੱਲੋਂ ਆਗਾਮੀ 2024 ਦੀਆਂ ਸੂਬਾਈ ਚੋਣਾਂ ਦੀ ਤਿਆਰੀ

## ਸਰੀ-ਸਰਪੈਂਟੀਨ ਰਿਵਰ ਹਲਕੇ ਲਈ ਪੁਨੀਤ ਸੰਧਰ ਨੂੰ ਪਾਰਟੀ ਦਾ ਪਹਿਲਾ ਉਮੀਦਵਾਰ ਐਲਾਨਿਆ

ਸਰੀ (ਹਰਦਮ ਮਾਨ)-ਬੀਸੀ ਯੂਨਾਈਟਿਡ ਲੀਡਰ ਕੇਵਿਨ ਫਾਲਕਨ ਨੇ ਆਗਾਮੀ 2024 ਦੀਆਂ ਸੂਬਾਈ ਚੋਣਾਂ ਦੀ ਤਿਆਰੀ ਲਈ ਸਰੀ-ਸਰਪੈਂਟੀਨ ਰਿਵਰ ਹਲਕੇ ਲਈ ਐਡਵੋਕੇਟ ਪੁਨੀਤ ਸੰਧਰ ਨੂੰ ਪਾਰਟੀ ਦਾ ਪਹਿਲਾ ਉਮੀਦਵਾਰ ਐਲਾਨਿਆ ਹੈ। ਬੀਤੀ ਸ਼ਾਮ ਸੈਂਕੜੇ ਲੋਕਾਂ ਦੇ ਇਕੱਠ ਵਿਚ ਇਹ ਵਿਸ਼ੇਸ਼ ਐਲਾਨ ਕਰਦਿਆਂ ਕੇਵਿਨ ਫਾਲਕਨ ਨੇ ਕਿਹਾ "ਮੈਨੂੰ ਆਗਾਮੀ ਸੂਬਾਈ ਚੋਣਾਂ ਲਈ ਸਾਡੇ ਪਹਿਲੇ ਬੀ ਸੀ ਯੂਨਾਈਟਿਡ ਉਮੀਦਵਾਰ ਵਜੋਂ ਪੁਨੀਤ ਸੰਧਰ ਦਾ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ। ਕਮਿਊਨਿਟੀ ਵਕਾਲਤ ਲਈ ਉਸ ਦਾ ਜਨੂੰਨ ਅਤੇ ਬੀ ਸੀ ਦੇ ਹਾਊਸਿੰਗ ਸੈਕਟਰ ਦੀ ਸਮਝ, ਉਸ ਦੇ ਕਾਨੂੰਨੀ ਪਿਛੋਕੜ ਅਤੇ ਸਰੀ ਲਈ ਅਟੁੱਟ ਸਮਰਪਣ ਦੇ ਨਾਲ ਉਹ ਸਾਡੀ ਬੀ ਸੀ ਯੂਨਾਈਟਿਡ ਟੀਮ ਲਈ ਇੱਕ ਅਨਮੋਲ ਰਤਨ ਹੈ। ਸਰੀ-ਸਰਪੇਂਟਾਈਨ ਰਿਵਰ ਦੇ ਵਸਨੀਕ ਪੁਨੀਤ ਵਰਗੇ ਸਮਰੱਥ, ਭਰੋਸੇਮੰਦ ਅਤੇ ਅਣਥੱਕ ਵਰਕਰ ਦੀਆਂ ਵਧੀਆ ਸੇਵਾਵਾਂ ਹਾਸਲ ਕਰ ਸਕਣਗੇ।" ਉਨ੍ਹਾਂ ਕਿਹਾ ਕਿ ਫਾਲਕਨ ਨੇ ਕਿਹਾ ਕਿ ਅਸੀਂ ਆਉਣ ਵਾਲੀਆਂ ਸੂਬਾਈ ਚੋਣਾਂ ਦੀ ਤਿਆਰੀ ਕਰਦੇ ਹਾਂ ਅਤੇ ਅੱਜ ਦਾ ਐਲਾਨ ਬੀਸੀ ਯੂਨਾਈਟਿਡ ਨਾਮਜ਼ਦਗੀਆਂ ਦੀ ਸ਼ੁਰੂਆਤ ਹੈ। ਅਸੀਂ ਐਨਡੀਪੀ ਦਾ ਬਦਲ ਪੇਸ਼ ਕਰਾਂਗੇ ਜੋ ਸਕਾਰਾਤਮਕ ਦ੍ਰਿਸ਼ਟੀਕੋਣ ਅਤੇ ਨਤੀਜਿਆਂ 'ਤੇ ਕੇਂਦਰਿਤ ਹੋਵੇਗਾ। ਇਸ ਮੌਕੇ ਬੋਲਦਿਆਂ ਪੁਨੀਤ ਸੰਧਰ ਨੇ ਕਿਹਾ ਕਿ ਸੰਧਰ ਨੇ ਕਿਹਾ, "ਮੈਂ ਸਰੀ-ਸਰਪੇਂਟਾਈਨ ਰਿਵਰ ਦੇ








ਵੋਟਰਾਂ ਦਾ ਸਮਰਥਨ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਾਂਗੀ ਤਾਂ ਜੋ ਮੈਂ ਵਿਕਟੋਰੀਆ ਵਿੱਚ ਕੇਵਿਨ ਫਾਲਕਨ ਅਤੇ ਬੀ ਸੀ ਯੂਨਾਈਟਿਡ ਟੀਮ ਨਾਲ ਜੁੜ ਸਕਾਂ। ਉਨ੍ਹਾਂ ਕਿਹਾ ਕਿ ਸਰੀ-ਸਰਪੇਂਟਾਈਨ ਰਿਵਰ ਦੇ ਲੋਕਾਂ ਨੂੰ ਸਰਕਾਰ ਵਿੱਚ ਯੋਗਤਾ, ਜ਼ਿੰਮੇਵਾਰੀ ਅਤੇ ਭਰੋਸਾ ਵਾਪਸ ਲਿਆਉਣ ਲਈ ਵਿਧਾਨ ਸਭਾ ਵਿੱਚ ਲੋੜ ਹੈ ਅਤੇ ਮੈਂ ਲੋਕਾਂ ਦੀ ਮਜ਼ਬੂਤ ਆਵਾਜ਼ ਬਣਨ ਲਈ ਤਿਆਰ ਹਾਂ।" ਉਨ੍ਹਾਂ ਕਿਹਾ ਕਿ ਸਰੀ ਦੇ ਲੋਕ ਵਾਅਦਿਆਂ ਤੋਂ ਮੁਨਕਰ ਹੋਈ ਡੇਵਿਡ ਇਬੀ ਦੀ ਮੌਜੂਦਾ ਐਨਡੀਪੀ ਸਰਕਾਰ ਤੋਂ ਥੱਕ ਚੁੱਕੇ ਹਨ। ਮੈਂ ਨਾ ਸਿਰਫ਼ ਆਪਣੀਆਂ ਧੀਆਂ ਲਈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ, ਇੱਕ ਬਿਹਤਰ ਸਰੀ ਬਣਾਉਣ ਲਈ ਵਚਨਬੱਧ ਹਾਂ। ਪੁਨੀਤ ਸੰਧਰ 2002 ਵਿੱਚ ਆਪਣੇ ਪਤੀ ਜਤਿੰਦਰ ਨਾਲ ਕੈਨੇਡਾ ਆ ਗਈ ਸੀ। ਆਪਣੀ ਸਖ਼ਤ ਮਿਹਨਤ ਨਾਲ 2006 ਵਿੱਚ ਬੀ ਸੀ ਬਾਰ ਦੀ ਮੈਂਬਰ ਬਣ ਗਈ ਸੀ ਅਤੇ 2012 ਵਿੱਚ ਸੰਘੇੜਾ ਸੰਧਰ ਲਾਅ ਗਰੁੱਪ ਨਾਲ ਜੁੜ ਗਈ। ਉਹ ਬੀ.ਸੀ. ਦੀ ਲੀਗਲ ਸਰਵਿਸਿਜ਼ ਸੋਸਾਇਟੀ, ਸਿਟੀ ਆਫ਼ ਸਰੀ, ਸਰੀ ਬੇਘਰੇ ਅਤੇ ਹਾਊਸਿੰਗ ਸੁਸਾਇਟੀ ਅਤੇ ਸਿਟੀ ਆਫ਼ ਸਰੀ ਲਈ ਮੇਅਰ ਦੀ ਕਾਰੋਬਾਰੀ ਸਲਾਹਕਾਰ ਕਮੇਟੀ ਦੀ ਮੈਂਬਰ ਹੈ। ਉਹ ਬੀਸੀ ਸ਼ਿਕਾਇਤ ਸਮੀਖਿਆ ਕਮੇਟੀ ਦੀ ਲਾਅ ਸੋਸਾਇਟੀ ਵਿੱਚ ਕੰਮ ਕਰਦੀ ਹੈ। 2017 ਦੀਆਂ ਸੂਬਾਈ ਚੋਣਾਂ ਵਿੱਚ ਪੁਨੀਤ ਸੰਧਰ ਨੇ ਸਰੀ-ਪੈਨੋਰਾਮਾ ਲਈ ਬੀਸੀ ਲਿਬਰਲ ਉਮੀਦਵਾਰ ਵਜੋਂ ਚੋਣ ਲੜੀ ਸੀ ਪਰ ਜਿੱਤ ਹਾਸਲ ਨਹੀਂ ਸੀ ਹੋਈ। ਉਸ ਨੂੰ 2012 ਵਿੱਚ ਉਸ ਦੇ ਮਿਸਾਲੀ ਸਮਾਜਿਕ ਵਾਲੰਟੀਅਰ ਕੰਮ ਲਈ ਕੁਈਨਜ਼ ਜੁਬਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸ ਦਾ ਕਹਿਣਾ ਹੈ ਕਿ ਉਹ ਉਸ ਭਾਈਚਾਰੇ ਨੂੰ ਸਰਗਰਮੀ ਨਾਲ ਕੁਝ ਵਾਪਸ ਦੇਣ ਲਈ ਵਚਨਬੱਧ ਹੈ ਜਿਸ ਨੇ ਕੈਨੇਡਾ ਵਿੱਚ ਉਸ ਦਾ ਸਵਾਗਤ ਕੀਤਾ।


# ਬੀ.ਸੀ. ਪੋਰਟ ਵਰਕਰਾਂ ਦਾ ਸਮਝੌਤਾ ਟੁੱਟਾ-ਕਾਮੇ ਮੁੜ ਹੜਤਾਲ ਤੇ ਗਏ

ਵੈਨਕੂਵਰ-ਇੰਟਰਨੈਸ਼ਨਲ ਲੌਂਗਸ਼ੋਰ ਵਰਕਰਜ਼ ਯੂਨੀਅਨ ਅਤੇ ਬੀ ਸੀ ਮੈਰੀਟਾਈਮ ਇੰਪਲਾਇਰਜ਼ ਐਸੋਸੀਏਸ਼ਨ ਵਿਚਾਲੇ ਹੜਤਾਲ ਨੂੰ ਖਤਮ ਕੀਤੇ ਜਾਣ ਸਬੰਧੀ ਸਮਝੌਤਾ ਟੁੱਟ ਗਿਆ ਹੈ। ਇਸਤੋਂ ਪਹਿਲਾਂ ਇੱਕ ਅਸਥਾਈ ਸੌਦੇ ਤੋਂ ਬਾਅਦ ਬੀ.ਸੀ. ਦੀਆਂ ਬੰਦਰਗਾਹਾਂ 'ਤੇ ਕਰਮਚਾਰੀ ਮੰਗਲਵਾਰ ਦੁਪਹਿਰ ਨੂੰ ਕੰਮ ਤੇ ਵਾਪਸ ਪਰਤ ਆਏ ਸਨ। ਫੈਡਰਲ ਲੇਬਰ ਮੰਤਰੀ ਵੱਲੋਂ ਲੇਬਰ ਐਕਸ਼ਨ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿੱਚ ਦਖਲ ਦੇਣ ਤੋਂ ਬਾਅਦ ਇੱਕ ਵਿਚੋਲੇ ਦੁਆਰਾ ਸੌਦੇ ਦਾ ਪ੍ਰਸਤਾਵ ਕੀਤਾ ਗਿਆ ਸੀ। ਇਸਦੀ 13 ਜੁਲਾਈ ਨੂੰ ਮਾਲਕਾਂ ਦੁਆਰਾ ਪ੍ਰਸ਼ਟੀ ਕੀਤੀ ਗਈ ਸੀ। ਇੱਕ ਬਿਆਨ ਵਿੱਚ, ਇੰਟਰਨੈਸ਼ਨਲ ਲੌਂਗਸ਼ੋਰ ਵਰਕਰਜ਼ ਯੂਨੀਅਨ ਕੈਨੇਡਾ ਦਾ ਕਹਿਣਾ ਹੈ ਕਿ ਇਹ ਸੌਦਾ ਰੱਦ ਕਰ ਦਿੱਤਾ ਗਿਆ ਹੈ। ਮੰਗਲਵਾਰ ਨੂੰ ਜਾਰੀ ਇੱਕ ਮੀਡੀਆ ਰੀਲੀਜ਼ ਵਿੱਚ ਕਿਹਾ ਗਿਆ ਹੈ, ਆਈਐਲਡਬਲਯੂ ਕਨੇਡਾ ਲੋਂਗਸ਼ੋਰ ਕਾਕਸ ਵਿਸ਼ਵਾਸ ਨਹੀਂ ਕਰਦਾ ਹੈ ਕਿ ਸਿਫਾਰਿਸ਼ਾਂ ਵਿੱਚ ਸਾਡੀਆਂ ਨੌਕਰੀਆਂ ਨੂੰ ਹੁਣ ਜਾਂ ਭਵਿੱਖ ਵਿੱਚ ਸੁਰੱਖਿਅਤ ਕਰਨ ਦੀ ਸਮਰੱਥਾ ਸੀ। ਉਧਰ ਬੀ ਸੀ ਮੈਰੀਟਾਈਮ ਇੰਪਲਾਇਰਜ਼ ਐਸੋਸੀਏਸ਼ਨ ਨੇ ਆਪਣੇ ਬਿਆਨ ਵਿੱਚ, ਯੂਨੀਅਨ ਦੇ ਫੈਸਲੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਇਹ ਕਾਮਿਆਂ ਲਈ ਇੱਕ ਨਿਰਪੱਖ ਸੌਦੇ ਨੂੰ ਰੱਦ ਕਰਦਾ ਹੈ ਅਤੇ ਕੈਨੇਡੀਅਨ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਬਿਆਨ ਵਿੱਚ ਕਿਹਾ ਗਿਆ ਹੈ, "ILWU ਲੀਡਰਸ਼ਿਪ ਕੈਨੇਡਾ ਦੀ ਆਰਥਿਕਤਾ, ਅੰਤਰਰਾਸ਼ਟਰੀ ਸਾਖ ਅਤੇ ਸਭ ਤੋਂ ਮਹੱਤਵਪੂਰਨ, ਕੈਨੇਡੀਅਨਾਂ, ਉਹਨਾਂ ਦੀ ਰੋਜ਼ੀ-ਰੋਟੀ ਅਤੇ ਉਹਨਾਂ ਸਾਰਿਆਂ ਲਈ ਜੋ ਇੱਕ ਸਥਿਰ ਸਪਲਾਈ ਲੜੀ 'ਤੇ ਨਿਰਭਰ ਕਰਦੇ ਹਨ, ਨੂੰ ਹੋਰ ਨੁਕਸਾਨ ਪਹੁੰਚਾਉਣ ਦੀ ਚੋਣ ਕਰ ਰਹੀ ਹੈ।






# ਟੋਰਾਂਟੋ ਖੇਤਰ ਵਿਚ ਆਟੋ ਚੋਰਾਂ ਦੇ ਵੱਡੇ ਗੈਂਗ ਦਾ ਪਰਦਾ ਫਾਸ਼-15 ਗ੍ਰਿਫ਼ਤਾਰ, ਫੜੇ ਗਏ ਚੋਰ ਸਾਰੇ ਪੰਜਾਬੀ

ਟੋਰਾਂਟੋ-ਪੀਲ ਪੁਲਿਸ ਨੇ ਇੱਕ ਆਟੋ ਚੋਰੀ ਰਿੰਗ ਦੀ ਜਾਂਚ ਤੋਂ ਬਾਅਦ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਥਿਤ ਤੌਰ 'ਤੇ ਪੂਰੀ ਤਰ੍ਹਾਂ ਨਾਲ ਲੋਡ ਕੀਤੇ ਵਪਾਰਕ ਵਾਹਨਾਂ ਨੂੰ ਚੋਰੀ ਕਰਕੇ ਫਿਰ ਅਣਜਾਣੇ ਖਰੀਦਦਾਰਾਂ ਨੂੰ ਆਪਣਾ ਮਾਲ ਵੇਚ ਰਹੇ ਸਨ। ਫੜੇ ਗਏ ਸਾਰੇ ਪੰਜਾਬੀ ਹਨ। ਪੁਲਿਸ ਦਾ ਕਹਿਣਾ ਹੈ ਕਿ "ਪ੍ਰੋਜੈਕਟ ਬਿਗ ਰਿਗ" ਵਜੋਂ ਜਾਣੀ ਜਾਂਦੀ ਤਫ਼ਤੀਸ਼ ਮਾਰਚ ਮਹੀਨੇ ਵਿੱਚ ਸ਼ੁਰੂ ਕੀਤੀ ਸੀ ਜੋ ਪੀਲ ਰੀਜਨਲ ਪੁਲਿਸ, ਯਾਰਕ ਰੀਜਨਲ ਪੁਲਿਸ, ਟੋਰਾਂਟੋ ਪੁਲਿਸ ਸਰਵਿਸ, ਹਾਲਟਨ ਰੀਜਨਲ ਪੁਲਿਸ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵਿਚਕਾਰ ਇੱਕ ਸੰਯੁਕਤ-ਫੋਰਸ ਆਪਰੇਸ਼ਨ ਸੀ। "ਇਸ ਜਾਂਚ ਦੇ ਨਤੀਜੇ ਵਜੋਂ, ਜੀਟੀਏ ਦੇ ਅੰਦਰ ਛੇ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਵਾਰੰਟ ਜਾਰੀ ਕੀਤੇ ਗਏ। ਬੁੱਧਵਾਰ ਸਵੇਰੇ ਮਿਸੀਸਾਗਾ ਵਿੱਚ ਇੱਕ ਨਿਊਜ਼ ਕਾਨਫਰੰਸ ਦੌਰਾਨ ਪੀਲ ਪੁਲਿਸ ਕਮਰਸ਼ੀਅਲ ਅਤੇ ਆਟੋ ਕ੍ਰਾਈਮ ਯੂਨਿਟ ਦੇ ਅਧਿਕਾਰੀ ਮਾਰਕ ਹੇਵੁੱਡ ਨੇ ਦੱਸਿਆ ਕਿ ਜਾਂਚ ਟੀਮ ਦੀ ਸਖ਼ਤ ਮਿਹਨਤ ਦੇ ਜ਼ਰੀਏ, ਮੈਨੂੰ ਇਹ ਸਾਂਝਾ ਕਰਨ ਵਿੱਚ ਖੁਸ਼ੀ ਹੋ ਰਹੀ ਹੈ ਕਿ ਜਾਂਚ ਦੇ ਨਤੀਜੇ ਵਜੋਂ £6.99 ਮਿਲੀਅਨ ਦੀ ਕੀਮਤ ਦੇ ਚੋਰੀ ਹੋਏ ਮਾਲ ਦੇ 28 ਕੰਟੇਨਰ ਬਰਾਮਦ ਹੋਏ ਹਨ। 2.25 ਮਿਲੀਅਨ ਡਾਲਰ ਦੀ ਕੀਮਤ ਦੇ ਇੱਕ ਵਾਧੂ 28 ਚੋਰੀ ਹੋਏ ਟਰੈਕਟਰ ਅਤੇ ਟਰੇਲਰ ਬਰਾਮਦ ਕੀਤੇ ਗਏ ਹਨ। ਰਿਕਵਰੀ ਦਾ ਕੁੱਲ ਮੁੱਲ: £9.24 ਮਿਲੀਅਨ ਦੱਸਿਆ ਗਿਆ ਹੈ। ਪੀਲ ਰੀਜਨਲ ਪੁਲਿਸ ਦੇ ਡਿਪਟੀ ਚੀਫ਼ ਨਿਕ ਮਿਲਿਨੋਵਿਚ ਨੇ ਵੀ ਬੁੱਧਵਾਰ ਦੀ ਨਿਊਜ਼ ਕਾਨਫਰੰਸ ਦੌਰਾਨ ਦੱਸਿਆ ਕਿ ਪੀਲ ਖੇਤਰ ਅਕਸਰ ਸੰਗਠਿਤ ਵਪਾਰਕ ਆਟੋ ਅਤੇ ਕਾਰਗੋ ਚੋਰੀ ਦਾ ਨਿਸ਼ਾਨਾ ਹੈ। "ਸਾਡੇ ਖੇਤਰ ਵਿੱਚੋਂ ਲੰਘਣ ਵਾਲੇ ਪੰਜ ਪ੍ਰਮੁੱਖ ਰਾਜਮਾਰਗਾਂ ਦੇ ਨਾਲ, ਲਗਭਗ £ 1.8 ਬਿਲੀਅਨ ਦਾ ਸਮਾਨ ਹਰ ਰੋਜ਼ ਸਾਡੇ ਖੇਤਰ ਵਿੱਚੋਂ ਲੰਘਦਾ ਹੈ, ਅਤੇ ਅਕਸਰ ਅਸੀਂ ਦੇਖ ਰਹੇ ਹਾਂ ਕਿ ਕਾਰਗੋ ਚੋਰੀ ਅਤੇ ਆਟੋ ਚੋਰੀ ਦੀ ਕਮਾਈ ਨੂੰ ਸੰਗਠਿਤ ਅਪਰਾਧ ਨੂੰ ਵਧਾਉਣ ਅਤੇ ਫੰਡ ਦੇਣ ਲਈ ਵਰਤਿਆ ਜਾਂਦਾ ਹੈ। "ਇਸ ਵਿੱਚ ਅਕਸਰ ਨਸ਼ੇ ਅਤੇ ਬੰਦੂਕਾਂ ਸ਼ਾਮਲ ਹੁੰਦੀਆਂ ਹਨ ਜੋ ਫਿਰ ਸਾਡੇ ਭਾਈਚਾਰਿਆਂ ਵੱਲ ਸੇਧਿਤ ਹੁੰਦੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਪ੍ਰੋਜੈਕਟ ਬਿਗ ਰਿਗ ਦੇ ਨਤੀਜੇ ਵਜੋਂ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ 'ਤੇ ਅਪਰਾਧਿਕ ਢੰਗ ਤਰੀਕਿਆਂ ਨਾਲ ਪ੍ਰਾਪਤ ਕੀਤੀ ਜਾਇਦਾਦ, ਮੋਟਰ ਵਾਹਨ ਚੋਰੀ, ਅਤੇ ਚੋਰੀ ਹੋਏ ਸਮਾਨ ਨੂੰ ਟਰੈਕ ਕਰਨ ਤੱਕ ਦੇ ਅਪਰਾਧਾਂ ਦੇ ਦੋਸ਼ ਲਗਾਏ ਗਏ ਹਨ। ਜਾਂਚ ਦੇ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਸ਼ੱਕੀਆਂ ਦੀ ਪੂਰੀ ਸੂਚੀ ਪੀਲ ਪੁਲਿਸ ਦੀ ਵੈੱਬਸਾਈਟ 'ਤੇ ਉਪਲਬਧ ਹੈ।

## ਜੂਨ ਵਿਚ 184 ਮੌਤਾਂ ਲਈ ਗੈਰਕਾਨੂੰਨੀ ਡਰੱਗ ਸਪਲਾਈ ਜ਼ਿੰਮੇਵਾਰ

ਵੈਨਕੂਵਰ-ਬੀਸੀ ਕੋਰੋਨਰਜ਼ ਸਰਵਿਸ ਦਾ ਕਹਿਣਾ ਕਿ ਜੂਨ ਮਹੀਨੇ ਸੂਬੇ ਵਿਚ ਗੈਰਕਾਨੂੰਨੀ ਸਪਲਾਈ ਕਾਰਨ 184 ਲੋਕਾਂ ਦੀ ਮੌਤ ਹੋ ਗਈ ਅਤੇ ਗੈਰਕਾਨੂੰਨੀ ਨਸ਼ੀਲੇ ਪਦਾਰਥਾਂ ਨਾਲ ਇਸ ਸਾਲ ਦੇ ਅੱਧ ਤਕ 1200 ਤੋਂ ਵੀ ਵੱਧ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਕੋਰੋਨਰਜ਼ ਸਰਵਿਸ ਦਾ ਕਹਿਣਾ ਕਿ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਯੂਜ਼ਰਾਂ ਲਈ ਇਹ ਕਿੰਨਾ ਖ਼ਤਰਨਾਕ ਹੈ ਜਿਹੜੇ ਨਸ਼ੀਲੇ ਪਦਾਰਥਾਂ ਲਈ ਗੈਰਕਾਨੂੰਨੀ ਮਾਰਕੀਟ ਤਕ ਪਹੁਚ ਕਰਦੇ ਹਨ। ਚੀਫ਼ ਕੋਰੋਨਰ ਲੀਸਾ ਲੈਪੋਂਟੇ ਦਾ ਕਹਿਣਾ ਕਿ ਸਮੁੱਚੇ ਬ੍ਰਿਟਿਸ਼ ਕੋਲੰਬੀਆ ਦੇ ਕਸਬਿਆਂ ਤੇ ਵੱਡੇ ਸ਼ਹਿਰਾਂ ਵਿਚ ਸੰਕਟ ਦਾ ਮੁੱਖ ਦੋਸ਼ੀ ਗੈਰਕਾਨੂੰਨੀ ਫੈਂਟਾਨਿਲ ਹੈ। ਮਿਸ ਲੈਪੋਂਟੇ ਦਾ ਕਹਿਣਾ ਕਿ ਓਵਰਡੋਜ਼ ਸਿਹਤ ਐਮਰਜੈਂਸੀ ਹੈ ਅਤੇ ਉਨ੍ਹਾਂ ਸਾਰੇ ਲੋਕਾਂ ਨੂੰ ਪ੍ਰਭਾਵਤ ਕਰ ਰਹੀ ਹੈ ਜਿਹੜੇ ਗੈਰਕਾਨੂੰਨੀ ਮਾਰਕੀਟ ਤੋਂ ਨਸ਼ੀਲੇ ਪਦਾਰਥ ਪ੍ਰਾਪਤ ਕਰਦੇ ਹਨ। ਕੋਰੋਨਰਜ਼ ਸਰਵਿਸ ਨੇ ਕਿਹਾ ਕਿ ਜੂਨ ਵਿਚ ਟੈਸਟ ਕੀਤੇ ਸਾਰੇ ਨਸ਼ੀਲੇ ਪਦਾਰਥਾਂ ਵਿਚੋਂ 90 ਫ਼ੀਸਦੀ ਵਿਚ ਫੈਂਟਾਨਿਲ ਮਿਲਿਆ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਜਿਨਸੀ ਸ਼ੋਸ਼ਣ ਮਾਮਲੇ ’ਚ ਬ੍ਰਿਜਭੂਸ਼ਨ ਨੂੰ ਮਿਲੀ ਨਿਯਮਤ ਜ਼ਮਾਨਤ

ਨਵੀਂ ਦਿੱਲੀ-ਮਹਿਲਾ ਪਹਿਲਵਾਨਾਂ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ’ਚ ਕੁਸ਼ਤੀ ਮਹਾਂਸੰਘ ਦੇ ਸਾਬਕਾ ਮੁਖੀ ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਜ਼ਮਾਨਤ ਮਿਲ ਗਈ ਹੈ। ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਵਲੋਂ ਜ਼ਮਾਨਤ ਦਿੰਦੇ ਹੋਏ ਸ਼ਰਤ ਰੱਖੀ ਕਿ ਉਹ ਬਗੈਰ ਦੱਸੇ ਵਿਦੇਸ਼ ਦੌਰੇ ’ਤੇ ਨਹੀਂ ਜਾ ਸਕਣਗੇ। ਬ੍ਰਿਜਭੂਸ਼ਨ ਦੀ ਜ਼ਮਾਨਤ ਨੂੰ ਲੈ ਕੇ ਦਿੱਲੀ ਪੁਲਿਸ ਨੇ ਕਿਹਾ ਕਿ ਉਹ ਨਾ ਇਸ ਦਾ ਵਿਰੋਧ ਕਰਦੀ ਹੈ ਅਤੇ ਨਾ ਹੀ ਇਸ ਦੇ ਪੱਖ ਵਿਚ ਹੈ। ਇਸ ਤੋਂ ਪਹਿਲਾਂ ਰਾਊਜ਼ ਐਵੇਨਿਊ ਅਦਾਲਤ ਨੇ ਸਵੇਰੇ ਸੁਣਵਾਈ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਫਿਰ ਅਦਾਲਤ ਨੇ 4 ਵਜੇ ਕਾਰਵਾਈ ਸ਼ੁਰੂ ਕੀਤੀ ਅਤੇ ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਨਿਯਮਤ ਜ਼ਮਾਨਤ ਦਿੱਤੇ ਜਾਣ ਦਾ ਫ਼ੈਸਲਾ ਸੁਣਾਇਆ। ਦੱਸਣਯੋਗ ਹੈ ਕਿ ਅਦਾਲਤ ਨੇ 18 ਜੁਲਾਈ ਨੂੰ ਹੀ ਬ੍ਰਿਜਭੂਸ਼ਨ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ, ਹੁਣ ਉਨ੍ਹਾਂ ਨੂੰ ਵੱਡੀ ਰਾਹਤ ਮਿਲ ਗਈ ਹੈ।



# ਅਗਲੀ ਮਹਾਂਮਾਰੀ ਤੋਂ ਪਹਿਲਾਂ ਤਿਆਰ ਰਹਿਣ ਦੀ ਲੋੜ-ਅਜੈ ਬੰਗਾ

ਨਵੀਂ ਦਿੱਲੀ-ਵਿਸ਼ਵ ਬੈਂਕ ਦੇ ਮੁਖੀ ਅਜੈ ਸਿੰਘ ਬੰਗਾ ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਕਾਰਨ ਸਕੂਲ ਬੰਦ ਰਹਿਣ ਨਾਲ ਪੜ੍ਹਾਈ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ, ਅਗਲੀ ਮਹਾਂਮਾਰੀ ਆਉਣ ਤੋਂ ਪਹਿਲਾਂ ਅਜਿਹੀਆਂ ਸਥਿਤੀਆਂ ਨੂੰ ਰੋਕਣ ਲਈ ਇਕ ਤੰਤਰ ਬਣਾਉਣ ਦੀ ਜ਼ਰੂਰਤ ਹੈ। ਖ਼ਬਰ ਏਜੰਸੀ ਪੀ.ਟੀ.ਆਈ. ਨਾਲ ਗੱਲਬਾਤ ਕਰਦਿਆਂ ਸ. ਬੰਗਾ ਨੇ ਕਿਹਾ ਕਿ ਸਾਡੇ ਸਾਹਮਣੇ ਉਸ ਪੀੜ੍ਹੀ ਲਈ ਇਕ ਅਸਲ ਚੁਣੌਤੀ ਹੈ, ਜੋ ਮਹਾਂਮਾਰੀ ਦੌਰਾਨ ਸਕੂਲੀ ਪੜ੍ਹਾਈ ਕਰ ਰਹੀ ਸੀ। ਵਿਕਸਤ ਤੇ ਵਿਕਾਸਸ਼ੀਲ ਦੇਸ਼ ਸਿੱਖ ਰਹੇ ਹਨ ਕਿ ਇਸ ਸਥਿਤੀ ਨਾਲ ਕਿਵੇਂ ਨਜਿੱਠਣਾ ਹੈ, ਜਦੋਂ ਅਸੀਂ ਕੋਵਿਡ-19 ਮਹਾਂਮਾਰੀ ਤੋਂ ਪ੍ਰਭਾਵਿਤ ਹੋਏ ਸੀ। ਉਸ ਸਮੇਂ ਦੌਰਾਨ ਲੰਬੇ ਸਮੇਂ ਤੱਕ ਸਕੂਲ ਬੰਦ ਰਹਿਣ ਕਾਰਨ ਸਿੱਖਣ (ਪੜ੍ਹਾਈ) ਦੇ ਹੋਏ ਬਹੁਤ ਜ਼ਿਆਦਾ ਨੁਕਸਾਨ ਨਾਲ ਨਜਿੱਠਣਾ ਸਿਰਫ਼ ਭਾਰਤ ਦੀ ਸਮੱਸਿਆ ਨਹੀਂ, ਇਹ ਇਕ ਵਿਸ਼ਵ ਵਿਆਪੀ ਮੁੱਦਾ ਹੈ।





# ਮੋਦੀ ਨਾਲ ਟੱਕਰ ਲੈਣ ਲਈ 26 ਪਾਰਟੀਆਂ ਹੋਈਆਂ ਇਕੱਠੀਆਂ-ਮੋਰਚੇ ਦਾ ਨਾਂਅ ਰੱਖਿਆ ‘ਇੰਡੀਆ’

ਬੈਂਗਲੁਰੂ-ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਐਲਾਨ ਕੀਤਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ’ਚ ਸੱਤਾਧਾਰੀ ਐਨ.ਡੀ.ਏ. ਨਾਲ ਟੱਕਰ ਲੈਣ ਵਾਲੇ ਵਿਰੋਧੀ ਗਠਜੋੜ ਨੂੰ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਕਿਹਾ ਜਾਵੇਗਾ ਤੇ ਤਾਲਮੇਲ ਲਈ ਇਕ 11 ਮੈਂਬਰੀ ਕਮੇਟੀ ਬਣਾਈ ਜਾਵੇਗੀ। ਬੈਂਗਲੁਰੂ ’ਚ 26 ਵਿਰੋਧੀ ਪਾਰਟੀਆਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਕਿਹਾ ਕਿ ਦੇਸ਼ ਦੇ ਲੋਕਾਂ ਦੇ ਹਿੱਤ ’ਚ ਲੋਕਤੰਤਰ ਤੇ ਸੰਵਿਧਾਨ ਨੂੰ ਬਚਾਉਣ ਲਈ ਇਹ ਬਹੁਤ ਮਹੱਤਵਪੂਰਨ ਮੀਟਿੰਗ ਸੀ। ਉਨ੍ਹਾਂ ਕਿਹਾ ਕਿ ਅਸੀਂ ਇਕੱਠੇ ਹੋ ਕੇ ਵੱਖ-ਵੱਖ ਨੁਕਤਿਆਂ ’ਤੇ ਚਰਚਾ ਕੀਤੀ ਹੈ ਤੇ ਸਭ ਨੇ ਇਕ ਆਵਾਜ਼ ਨਾਲ ਪਾਸ ਕੀਤੇ ਮਤੇ ਦਾ ਸਮਰਥਨ ਕੀਤਾ ਹੈ। ਖੜਗੇ ਨੇ ਕਿਹਾ ਕਿ ਸਾਡੇ ਗਠਜੋੜ ਨੂੰ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਕਿਹਾ ਜਾਵੇਗਾ। ਉਨ੍ਹਾਂ ਕਿਹਾ ਕਿ ਇਕ 11 ਮੈਂਬਰੀ ਤਾਲਮੇਲ ਕਮੇਟੀ ਬਣਾਈ ਜਾਵੇਗੀ ਤੇ ਇਸ ਦੀ ਬਣਤਰ ਨੂੰ ਮੁੰਬਈ ’ਚ ਹੋਣ ਵਾਲੀ ਅਗਲੀ ਮੀਟਿੰਗ ’ਚ ਅੰਤਿਮ ਰੂਪ ਦਿੱਤਾ ਜਾਵੇਗਾ। ਮੁੰਬਈ ਮੀਟਿੰਗ ਦੀਆਂ ਤਰੀਕਾਂ ਦਾ ਐਲਾਨ ਜਲਦ ਹੀ ਕੀਤਾ ਜਾਵੇਗਾ। ਖੜਗੇ ਨੇ ਕਿਹਾ ਕਿ ਦਿੱਲੀ ’ਚ ਮੁਹਿੰਮ ਪ੍ਰਬੰਧਨ ਲਈ ਇਕ ਸਾਂਝਾ ਸਕੱਤਰੇਤ ਵੀ ਬਣਾਇਆ ਜਾਵੇਗਾ ਤੇ ਵੱਖਰੇ ਮੁੱਦਿਆਂ ਲਈ ਵਿਸ਼ੇਸ਼ ਕਮੇਟੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੀਟਿੰਗ ’ਚ ਸਾਂਝੇ ਬਿਆਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਵੀ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਉਹ ਹੁਣ ਉਨ੍ਹਾਂ ਪਾਰਟੀਆਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਟੁੱਟ ਚੁੱਕੀਆਂ ਸਨ, ਜਿਸ ਤੋਂ ਪਤਾ ਲਗਦਾ ਹੈ ਕਿ ਉਹ ਵਿਰੋਧੀ ਪਾਰਟੀਆਂ ਤੋਂ ਡਰਦੇ ਹਨ। ਖੜਗੇ ਨੇ ਕਿਹਾ ਕਿ ਸਾਡੇ ਵਿਚਕਾਰ ਕੁਝ ਮਤਭੇਦ ਹਨ, ਪਰ ਅਸੀਂ ਉਨ੍ਹਾਂ ਨੂੰ ਪਿੱਛੇ ਛੱਡ ਦਿੱਤਾ ਹੈ। ਅਸੀਂ ਦੇਸ਼ ਹਿੱਤ ’ਚ ਇਕੱਠੇ ਹੋਏ ਹਾਂ। ਉਨ੍ਹਾਂ ਕਿਹਾ ਕਿ ਅਸੀਂ 2024 ਦੀਆਂ ਲੋਕ ਸਭਾ ਚੋਣਾਂ ਇਕਜੁੱਟ ਹੋ ਕੇ ਲੜਾਂਗੇ ਤੇ ਕਾਮਯਾਬ ਹੋਵਾਂਗੇ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਇਕ ਕਾਰਜ ਯੋਜਨਾ ਤਿਆਰ ਕਰਨ ਦਾ ਫੈਸਲਾ ਕੀਤਾ ਹੈ ਜਿੱਥੇ ਉਹ ਆਪਣੀ ਵਿਚਾਰਧਾਰਾ ਤੇ ਪ੍ਰੋਗਰਾਮਾਂ ਬਾਰੇ ਗੱਲ ਕਰਨਗੇ। ਰਾਹੁਲ ਗਾਂਧੀ ਨੇ ਕਿਹਾ ਕਿ ਲੜਾਈ ਭਾਜਪਾ ਦੀ ਵਿਚਾਰਧਾਰਾ ਤੇ ਉਨ੍ਹਾਂ ਦੀ ਸੋਚ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਾਲੇ ਦੇਸ਼ ’ਤੇ ਹਮਲਾ ਕਰ ਰਹੇ ਹਨ, ਬੇਰੁਜ਼ਗਾਰੀ ਫੈਲੀ ਹੋਈ ਹੈ ਤੇ ਦੇਸ਼ ਦੀ ਦੌਲਤ ਕਰੋੜਾਂ ਲੋਕਾਂ ਤੋਂ ਖੋਹ ਕੇ ਕੁਝ ਲੋਕਾਂ ਦੇ ਹੱਥਾਂ ’ਚ ਦਿੱਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਗੱਠਜੋੜ ਦਾ ਨਵਾਂ ਨਾਂਅ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਦੀ ਮੁਖੀ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੁਆਰਾ ਸੁਝਾਇਆ ਗਿਆ ਸੀ ਤੇ ‘ਇੰਡੀਆ’ ਸ਼ਬਦ ਦੇ ਪੂਰੇ ਰੂਪ ’ਤੇ ਬਹੁਤ ਚਰਚਾ ਹੋਈ। ਮਮਤਾ ਬੈਨਰਜੀ ਨੇ ਮੌਜੂਦ ਸਾਰੇ ਨੇਤਾਵਾਂ ਨੂੰ ਸਵੀਕਾਰ ਕਰਦੇ ਹੋਏ ਰਾਹੁਲ ਗਾਂਧੀ ਨੂੰ ਪਸੰਦੀਦਾ ਨੇਤਾ ਕਿਹਾ। ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਅੱਜ ਕੇਂਦਰ ਸਰਕਾਰ ਦਾ ਇਕੋ ਇਕ ਕੰਮ ਸਰਕਾਰਾਂ ਨੂੰ ਖਰੀਦਣਾ ਤੇ ਵੇਚਣਾ ਹੈ। ਮਮਤਾ ਬੈਨਰਜੀ ਨੇ ਕਿਹਾ ਕਿ ਭਾਰਤ ਜਿੱਤੇਗਾ, ਸਾਡਾ ਦੇਸ਼ ਜਿੱਤੇਗਾ ਤੇ ਭਾਜਪਾ ਹਾਰੇਗੀ।

# ਅਸਥਾਈ ਸਮਝੌਤਾ ਰੱਦ ਹੋਣ ਪਿੱਛੋਂ ਫਿਰ ਪੋਰਟ ਹੜਤਾਲ

ਵਿਕਟੋਰੀਆ-ਯੂਨੀਅਨ ਲੀਡਰਸ਼ਿਪ ਵਲੋਂ ਹੜਤਾਲ ਦੀ ਕਾਰਵਾਈ ਖਤਮ ਕਰਨ ਲਈ ਕੀਤੇ ਅਸਥਾਈ ਸਮਝੌਤੇ ਨੂੰ ਰੱਦ ਕਰਨ ਪਿੱਛੋਂ ਬੀਸੀ ਦੀਆਂ ਬੰਦਰਗਾਹਾਂ ’ਤੇ ਕਾਮੇ ਮੁੜ ਹੜਤਾਲ ’ਤੇ ਚਲੇ ਗਏ ਹਨ। ਲੇਬਰ ਦੀ ਕਾਰਵਾਈ ਖਤਮ ਕਰਨ ਦੀ ਕੋਸ਼ਿਸ਼ ਵਿਚ ਫੈਡਰਲ ਕ੍ਰਿਤ ਮੰਤਰੀ ਵਲੋਂ ਦਿੱਤੇ ਦਖਲ ਪਿੱਛੋਂ ਵਿਚੋਲੇ ਨੇ ਸਮਝੌਤੇ ਦਾ ਪ੍ਰਸਤਾਵ ਕੀਤਾ ਸੀ। ਇਸ ਦੀ 13 ਜੁਲਾਈ ਨੂੰ ਇੰਪਲਾਇਰ ਨੇ ਪੁਸ਼ਟੀ ਕੀਤੀ ਸੀ। ਇੰਟਰਨੈਸ਼ਨਲ ਲਾਂਗਸ਼ੋਰ ਵਰਕਰਜ਼ ਯੂਨੀਅਨ ਕੈਨੇਡਾ ਨੇ ਇਕ ਬਿਆਨ ਵਿਚ ਕਿਹਾ ਕਿ ਸਮਝੌਤਾ ਰੱਦ ਕਰ ਦਿੱਤਾ ਗਿਆ ਹੈ ਅਤੇ ਇਸ ਨੇ ਕੋਈ ਸੰਕੇਤ ਨਹੀਂ ਦਿੱਤਾ ਕਿ ਉਸ ਨੇ ਇਸ ਨੂੰ ਕਦੇ ਵੋਟਿੰਗ ਲਈ ਮੈਂਬਰਾਂ ਨੂੰ ਭੇਜਿਆ ਸੀ। ਇਕ ਮੀਡੀਆ ਰਿਲੀਜ਼ ਵਿਚ ਕਿਹਾ ਕਿ ਆਈਐਲਡਬਲਯੂਯੂ ਕੈਨੇਡਾ ਲਾਂਗਸ਼ੋਰ ਕੌਕਸ ਇਸ ਗੱਲ ਵਿਚ ਵਿਸ਼ਵਾਸ਼ ਨਹੀਂ ਕਰਦਾ ਕਿ ਸਿਫਾਰਸ਼ਾਂ ਹੁਣ ਜਾਂ ਭਵਿੱਖ ਵਿਚ ਸਾਡੀਆਂ ਨੌਕਰੀਆਂ ਨੂੰ ਬਚਾਉਣ ਦੀ ਸਮਰੱਥਾ ਰੱਖਦੀਆਂ ਹਨ। ਪਹਿਲੇ ਦਿਨ ਤੋਂ ਸਾਡੀ ਸਥਿਤੀ ਸਾਡੇ ਅਧਿਕਾਰ ਖੇਤਰ ਨੂੰ ਬਚਾਉਣ ਬਾਰੇ ਰਹੀ ਹੈ ਅਤੇ ਇਸ ਸਥਿਤੀ ਵਿਚ ਕੋਈ ਤਬਦੀਲੀ ਨਹੀਂ ਹੋਈ। ਸਮੂਹਿਕ ਸਮਝੌਤੇ ਦੀ ਚਾਰ ਸਾਲ ਦੀ ਮਿਆਦ ਬਹੁਤ ਲੰਬੀ ਸੀ ਅਤੇ ਰਹਿਣ ਸਹਿਣ ਦੀਆਂ ਲਾਗਤਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਬੀਸੀ ਮੈਰੀਟਾਈਮ ਇੰਪਲਾਇਰਜ਼ ਐਸੋਸੀਏਸ਼ਨ ਨੇ ਇਕ ਬਿਆਨ ਵਿਚ ਯੂਨੀਅਨ ਦੇ ਫ਼ੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਕਾਮਿਆਂ ਲਈ ਇਕ ਵਾਜਬ ਸਮਝੌਤੇ ਨੂੰ ਰੱਦ ਕਰਨ ਦੇ ਨਾਲ ਨਾਲ ਕੈਨੇਡੀਅਨ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਬਿਆਨ ਵਿਚ ਕਿਹਾ ਕਿ ਆਈਐਲਡਬਲਯੂਯੂ ਲੀਡਰਸ਼ਿਪ ਕੈਨੇਡਾ ਦੀ ਆਰਥਿਕਤਾ, ਅੰਤਰਰਾਸ਼ਟਰੀ ਸਾਖ ਅਤੇ ਸਭ ਤੋਂ ਮਹੱਤਵਪੂਰਣ ਕੈਨੇਡੀਅਨਾਂ ਨੂੰ ਉਨ੍ਹਾਂ ਦੀ ਰੋਜ਼ੀ ਰੋਟੀ ਤੇ ਉਨ੍ਹਾਂ ਸਾਰੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਚੋਣ ਕਰ ਰਹੀ ਹੈ ਜਿਹੜੇ ਸਥਿਰ ਸਪਲਾਈ ਚੇਨ ’ਤੇ ਨਿਰਭਰ ਕਰਦੇ ਹਨ। ਇਸ ਅਸਥਾਈ ਸਮਝੌਤੇ ਨਾਲ 13 ਦਿਨਾਂ ਤੋਂ ਚਲੀ ਆ ਰਹੀ ਹੜਤਾਲ ਖਤਮ ਹੋ ਗਈ ਸੀ। ਫੈਡਰਲ ਵਿਚੋਲੇ ਦੀ ਅਗਵਾਈ ਤਹਿਤ ਕਈ ਮਹੀਨਿਆਂ ਦੀ ਸਮਝੌਤਾ ਗੱਲਬਾਤ ਅਸਫਲ ਰਹਿਣ ਪਿੱਛੋਂ 7400 ਤੋਂ ਵੀ ਵੱਧ ਕਾਮਿਆਂ ਨੇ ਇਕ ਜੁਲਾਈ ਨੂੰ ਹੜਤਾਲ ਸ਼ੁਰੂ ਕੀਤੀ ਸੀ।







# ਮਨੀਟੋਬਾ ਦੀ ਜੇਲ੍ਹ ਵਿਚ ਕੈਦੀਆਂ ਦੀ ਲੜਾਈ ਵਿਚ ਇਕ ਦੀ ਮੌਤ

ਵਿਨੀਪੈੱਗ–ਆਰਸੀਐਮਪੀ ਨੇ ਦੱਸਿਆ ਕਿ ਸਟੋਨੀ ਮਾਊਂਟੇਨ ਇੰਸਟੀਚਿਊਸ਼ਨ ਵਿਖੇ ਕੈਦੀਆਂ ਦੀ ਆਪਸੀ ਲੜਾਈ ਵਿਚ ਇਕ 33 ਸਾਲਾ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਸੋਮਵਾਰ ਸ਼ਾਮ ਨੂੰ ਵਿਨੀਪੈਗ ਦੇ ਉੱਤਰ ਵਿਚ ਫੈਡਰਲ ਜੇਲ੍ਹ ਵਿਚ ਉਸ ਨੂੰ ਭਾਰੀ ਲੜਾਈ ਦੀ ਸੂਚਨਾ ਮਿਲੀ। ਉਨ੍ਹਾਂ ਦੱਸਿਆ ਕਿ ਲੜਾਈ ਵਿਚ ਕੁਝ ਕੈਦੀ ਸ਼ਾਮਿਲ ਸਨ ਅਤੇ ਉਨ੍ਹਾਂ ਕੋਲ ਤੇਜ਼ ਧਾਰ ਹਥਿਆਰ ਸਨ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿਹੜੇ ਹਥਿਆਰ ਸਨ। ਵਿਨੀਪੈਗ ਦੇ ਇਕ ਕੈਦੀ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ। ਲੜਾਈ ਵਿਚ 7 ਹੋਰ ਕੈਦੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਆਰਸੀਐਮਪੀ ਮੇਜਰ ਕਰਾਈਮ ਅਤੇ ਫੌਰੈਂਸਿਕ ਇੰਡੈਂਟੀਫਿਕੇਸ਼ਨ ਸਰਵਸਿਜ਼ ਮਾਮਲੇ ਦੀ ਜਾਂਚ ਕਰ ਰਹੇ ਹਨ।

# ਦਾਰੂ ਦੇ ਸ਼ੌਕੀਨਾਂ ਨੂੰ ਟੋਰਾਂਟੋ ਦੀਆਂ 27 ਪਾਰਕਾਂ ਵਿਚ ਪੀਣ ਦੀ ਮਿਲੇਗੀ ਇਜਾਜ਼ਤ

ਟੋਰਾਂਟੋ–ਸਿਟੀ ਕੌਂਸਲ ਵਲੋਂ ਸੀਮਤ ਸਮੇਂ ਦੇ ਪਾਇਲਟ ਪ੍ਰੋਗਰਾਮ ਨੂੰ ਪ੍ਰਵਾਨਗੀ ਦੇਣ ਪਿੱਛੋਂ ਟੋਰਾਂਟੋ ਦੇ ਵਾਸੀਆਂ ਨੂੰ ਆਉਣ ਵਾਲੇ ਮਹੀਨਿਆਂ ਵਿਚ ਚੋਣਵੀਆਂ ਪਾਰਕਾਂ ਵਿਚ ਸ਼ਰਾਬ ਪੀਣ ਦੀ ਇਜਾਜ਼ਤ ਦਿੱਤੀ ਜਾਵੇਗੀ। ਪਾਇਲਟ ਪ੍ਰਾਜੈਕਟ 2 ਅਗਸਤ ਤੋਂ 9 ਅਕਤੂਬਰ ਤਕ ਚੱਲੇਗਾ ਅਤੇ ਸਮੁੱਚੇ ਸ਼ਹਿਰ ਦੀਆਂ 27 ਚੋਣਵੀਆਂ ਪਾਰਕਾਂ ਵਿਚ 19 ਸਾਲ ਅਤੇ ਵਡੇਰੀ ਉਮਰ ਦੇ ਲੋਕਾਂ ਨੂੰ ਸ਼ਰਾਬ ਪੀਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਨ੍ਹਾਂ ਪਾਰਕਾਂ ਵਿਚ ਡਾਊਨਟਾਊਨ ਟੋਰਾਂਟੋ ਵਿਚ ਕੁਈਨਜ਼ ਪਾਰਕ, ਟ੍ਰਿਨਿਟੀ ਪਾਰਕ, ਟ੍ਰਿਨਿਟੀ ਬੇਲਵੁੱਡਜ਼ ਅਤੇ ਕੋਰਕਟਾਊਨ ਕਾਮਨ ਸ਼ਾਮਿਲ ਸ਼ਾਮਿਲ ਹਨ। ਮੂਲ ਪ੍ਰਸਤਾਵਤ ਸੂਚੀ ਵਿਚ ਕਈ ਪਾਰਕ ਸ਼ਾਮਿਲ ਕੀਤੇ ਗਏ ਹਨ। ਮਿਊਂਸਪਲ ਸਟਾਫ ਨੇ ਕੌਂਸਲ ਨੂੰ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਵਿਚ ਪਾਰਕਾਂ ਵਿਚ ਸ਼ਰਾਬ ਪੀਣਾ ਕੋਈ ਵੱਡਾ ਮੁੱਦਾ ਨਹੀਂ ਰਿਹਾ ਅਤੇ ਬਹੁਤੇ ਲੋਕ ਪਾਰਕਾਂ ਵਿਚ ਆਦਰ ਤੇ ਜ਼ਿੰਮੇਵਾਰੀ ਵਾਲੇ ਤਰੀਕੇ ਨਾਲ ਸ਼ਰਾਬ ਪੀਂਦੇ ਹਨ।



# ਕਿਸਾਨ ਨੇ ਟਮਾਟਰਾਂ ਤੋਂ ਇਕ ਮਹੀਨੇ 'ਚ ਕਮਾਏ 3 ਕਰੋੜ

ਪੁਣੇ–ਟਮਾਟਰਾਂ ਦੀਆਂ ਉੱਚੀਆਂ ਕੀਮਤਾਂ ਨੇ ਜਿਥੇ ਆਮ ਆਦਮੀ ਦੀ ਜੇਬ ਨੂੰ ਖੋਰਾ ਲਾਇਆ ਹੈ, ਉਥੇ ਹੀ ਮਹਾਰਾਸ਼ਟਰ ਦੇ ਪੁਣੇ ਦੇ ਇਕ ਕਿਸਾਨ ਨੂੰ ਇਸ ਨੇ ਕਰੋੜਪਤੀ ਬਣਾ ਦਿੱਤਾ ਹੈ ਅਤੇ ਉਸ ਨੇ ਇਕ ਮਹੀਨੇ 'ਚ ਟਮਾਟਰਾਂ ਤੋਂ ਤਿੰਨ ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਪੁਣੇ ਜ਼ਿਲ੍ਹੇ ਦੀ ਜੂਨਾਰ ਤਹਿਸੀਲ ਦੇ ਪਚਘਰ ਪਿੰਡ ਦੇ ਕਿਸਾਨ ਈਸ਼ਵਰ ਗਾਯਕਰ (36), ਜਿਸ ਨੇ ਆਪਣੇ 12 ਏਕੜ ਖੇਤ 'ਚ ਟਮਾਟਰ ਦੀ ਕਾਸ਼ਤ ਕੀਤੀ ਹੋਈ ਹੈ, ਨੂੰ ਘੱਟ ਕੀਮਤਾਂ ਕਾਰਨ ਇਸ ਸਾਲ ਮਈ ਵਿਚ ਵੱਡੀ ਮਾਤਰਾ 'ਚ ਕਟਾਈ ਕੀਤੇ ਟਮਾਟਰਾਂ ਨੂੰ ਭੰਡਾਰ ਕਰਨ ਦਾ ਮੁਸ਼ਕਲ ਫੈਸਲ ਲੈਣਾ ਪਿਆ ਸੀ ਪਰ ਹੁਣ ਟਮਾਟਰ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਨੇ ਗਾਯਕਰ ਦੀ ਲਾਟਰੀ ਕੱਢ ਦਿੱਤੀ ਤੇ ਉਸ ਨੇ 11 ਜੂਨ ਤੋਂ 18 ਜੁਲਾਈ ਦੇ ਵਿਚਕਾਰ ਆਪਣੀ ਫਸਲ ਦੀ ਉਪਜ ਦੀ ਵਿਕਰੀ ਦੁਆਰਾ ਤਿੰਨ ਕਰੋੜ ਰੁਪਏ ਕਮਾਉਣ ਦਾ ਦਾਅਵਾ ਕੀਤਾ ਹੈ। ਈਸ਼ਵਰ ਗਾਯਕਰ ਨੇ ਕਿਹਾ ਕਿ ਇਸ ਸਮੇਂ ਦੌਰਾਨ ਉਸ ਨੇ ਜੂਨਾਰ ਤਹਿਸੀਲ ਦੇ ਨਾਰਾਇਣਗਾਂਵ ਵਿਖੇ ਖੇਤੀਬਾੜੀ ਉਤਪਾਦ ਮਾਰਕੀਟ ਕਮੇਟੀ (ਏ.ਪੀ.ਐਮ.ਸੀ.) ਵਿਚ ਟਮਾਟਰ ਦੇ 18 ਹਜ਼ਾਰ ਕਰੇਟ (ਹਰੇਕ ਕਰੇਟ ਵਿਚ 20 ਕਿੱਲੋ ਟਮਾਟਰ) ਤਿੰਨ ਕਰੋੜ ਰੁਪਏ ਵਿਚ ਵੇਚੇ ਹਨ। ਉਸ ਦਾ ਟੀਚਾ ਬਾਕੀ ਬਚੀ ਹੋਈ ਉਪਜ, ਜੋ ਕਿ ਲਗਭਗ 4 ਹਜ਼ਾਰ ਕਰੇਟ ਹੈ, ਵੇਚ ਕੇ ਹੋਰ 50 ਲੱਖ ਰੁਪਏ ਹੋਰ ਕਮਾਉਣਾ ਹੈ। ਉਸ ਨੇ ਦੱਸਿਆ ਕਿ ਆਵਾਜਾਈ ਸਮੇਤ ਖੇਤੀ ਦੀ ਕੁੱਲ ਲਾਗਤ 40 ਲੱਖ ਰੁਪਏ ਸੀ।

# .ਗਦਰੀ ਬਾਬਿਆਂ ਦੀ ਯਾਦ 'ਚ 27ਵਾਂ ਯਾਦਗਾਰੀ ਮੇਲਾ 6 ਅਗਸਤ ਨੂੰ

ਸਰੀ–ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ 27ਵਾਂ ਯਾਦਗਾਰੀ ਸਾਲਾਨਾ ਮੇਲਾ 6 ਅਗਸਤ 2023 ਨੂੰ ਬੇਅਰ ਕਰੀਕ ਪਾਰਕ ਸਰੀ (ਬੀਸੀ) ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਮੇਲੇ ਦੇ ਮੁੱਖ ਪ੍ਰਬੰਧਕ ਸਾਹਿਬ ਸਿੰਘ ਥਿੰਦ ਨੇ ਦੱਸਿਆ ਹੈ ਕਿ ਇਸ ਵਾਰ ਇਹ ਮੇਲਾ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਜੀ) ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਵਕੀਲ ਜੋਸਫ਼ ਐਡਵਰਡ ਬਰਡ ਨੂੰ ਸਮਰਪਿਤ ਹੋਵੇਗਾ। ਇਸ ਮੇਲੇ ਵਿਚ ਕਈ ਪੰਜਾਬੀ ਗਾਇਕ ਆਪਣੀ ਕਲਾ ਰਾਹੀਂ ਕਾਮਾਗਾਟਾਮਾਰੂ ਦੇ ਯੋਧਿਆਂ ਨੂੰ ਸਜਦਾ ਕਰਨਗੇ ਅਤੇ ਸਰੋਤਿਆਂ ਦਾ ਮਨੋਰੰਜਨ ਕਰਨਗੇ। ਮੇਲੇ ਵਿਚ ਦਾਖ਼ਲਾ ਮੁਫ਼ਤ ਹੈ। ਇਸ ਸੰਬੰਧੀ ਹੋਰ ਜਾਣਕਾਰੀ ਲਈ ਸਾਹਿਬ ਸਿੰਘ ਥਿੰਦ ਨਾਲ ਫੋਨ ਨੰਬਰ 604-751-6267 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

# ਵਿੰਨੀਪੈਗ ਵਿਚ ਤੀਆਂ ਦਾ ਮੇਲਾ 29 ਜੁਲਾਈ ਨੂੰ

ਵਿੰਨੀਪੈਗ–ਨੂਰ ਐਂਟਰਟੇਨਮੈਂਟ ਗਰੁੱਪ ਵਲੋਂ ਤੀਆਂ ਤੀਜ ਦੀਆਂ ਦਾ ਮੇਲਾ 29 ਜੁਲਾਈ ਦਿਨ ਸ਼ਨੀਵਾਰ ਨੂੰ ਮੈਪਲ ਕਮਿਊਨਿਟੀ ਸੈਂਟਰ ਦੇ ਖੁੱਲੇ ਮੈਦਾਨ ਵਿਚ (434 ਐਡਸਮ ਡਰਾਈਵ) ਦੁਪਹਿਰ 2 ਵਜੇ ਤੋਂ ਰਾਤ 9 ਵਜੇ ਤੱਕ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਗਿੱਧਾ, ਫੰਨ ਗੇਮਜ, ਜਿਊਲਰੀ ਸ਼ਾਪ ਅਤੇ ਫੂਡ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ। ਟਿਕਟ 20 ਡਾਲਰ ਰੱਖੀ ਗਈ ਹੈ। 10 ਸਾਲ ਤੋਂ ਛੋਟੇ ਬੱਚੇ ਅਤੇ 75 ਸਾਲ ਤੋਂ ਉਪਰ ਦੇ ਬਜੁਰਗਾਂ ਲਈ ਦਾਖਲਾ ਮੁਫਤ ਹੋਵੇਗਾ। ਵਧੇਰੇ ਜਾਣਕਾਰੀ ਲਈ ਗਗਨ ਸਿੱਧੂ ਨਾਲ ਫੋਨ ਨੰਬਰ 204-963-1980 ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਘਰਾਂ ਵਿਚ ਲੁੱਟਣ ਦੀਆਂ ਘਟਨਾਵਾਂ ਪਿੱਛੋਂ ਡੈਲਟਾ ਤੇ ਰਿਚਮੰਡ ਪੁਲਿਸ ਵਲੋਂ ਕ੍ਰਿਪਟੋਕਰੰਸੀ ਨਿਵੇਸ਼ਕਾਂ ਨੂੰ ਚਿਤਾਵਨੀ


ਸਰੀ–ਡੈਲਟਾ ਤੇ ਰਿਚਮੰਡ ਵਿਚ ਪੁਲਿਸ ਨੇ ਪਿਛਲੇ ਸਾਲ ਉੱਚ ਮੁੱਲ ਵਾਲੀ ਕ੍ਰਿਪਟੋਕਰੰਸੀ ਨਿਵੇਸ਼ਕਾਂ ਦੇ ਘਰ ਵਿਚ ਹਮਲਾ ਸ਼ੈਲੀ ਵਰਗੀਆਂ ਕਈ ਡਕੈਤੀਆਂ ਪਿੱਛੋਂ ਜਨਤਕ ਚਿਤਾਵਨੀ ਦਿੱਤੀ ਹੈ। ਰਿਚਮੰਡ ਆਰਸੀਐਮਪੀ ਮੇਜਰ ਕਰਾਈਮ ਯੂਨਿਟ ਦੇ ਸਟਾਫ ਸਾਰਜੈਂਟ ਜੀਨ ਹਸੀਹ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਲਗਦਾ ਹੈ ਕਿ ਕੋਈ ਕ੍ਰਿਪਟੋਕਰੰਸੀ ਲਈ ਇਨ੍ਹਾਂ ਪੀੜਤਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਅਤੇ ਸਾਡਾ ਵਿਸ਼ਵਾਸ਼ ਹੈ ਕਿ ਜਨਤਕ ਸੁਰੱਖਿਆ ਦੇ ਹਿੱਤ ਵਿਚ ਇਹ ਜਨਤਕ ਚਿਤਾਵਨੀ ਜ਼ਰੂਰੀ ਹੈ। ਅੱਜ ਦੀ ਤਾਰੀਕ ਤਕ ਨਿਵੇਸ਼ਕ ਘਟਨਾਵਾਂ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਦੇ ਰਹੇ ਅਤੇ ਨਾ ਹੀ ਦੱਸ ਰਹੇ ਹਨ ਕਿ ਕਿੰਨੀ ਕ੍ਰਿਪਟੋਕਰੰਸੀ ਲੁੱਟ ਦੀਆਂ ਘਟਨਾਵਾਂ ਵਿਚ ਸ਼ਾਮਿਲ ਸੀ ਅਤੇ ਸਿਰਫ ਇੰਨਾ ਹੀ ਕਹਿ ਰਹੇ ਹਨ ਕਿ ਕਾਫੀ ਰਕਮ ਸੀ। ਇਸ ਸਬੰਧੀ ਜਾਂਚ ਜਾਰੀ ਹੈ। ਪੁਲਿਸ ਨੇ ਦੱਸਿਆ ਕਿ ਮਾਮਲਿਆਂ ਵਿਚ ਇਕ ਗ੍ਰਿਫ਼ਤਾਰੀ ਕੀਤੀ ਗਈ ਹੈ ਅਤੇ ਦੋਸ਼ ਲਗਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਪੁਲਿਸ ਨੇ ਇਸ ਗੱਲ ਦੀ ਅਜੇ ਪੁਸ਼ਟੀ ਕਰਨੀ ਹੈ ਕਿ ਇਹ ਘਟਨਾਵਾਂ ਇਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ ਜਾਂ ਨਹੀਂ ਪਰ ਉਨ੍ਹਾਂ ਦਾ ਕਹਿਣਾ ਕਿ ਡਕੈਤੀ ਦਾ ਇਕ ਸਪਸ਼ਟ ਪੈਟਰਨ ਸਾਹਮਣੇ ਆਇਆ ਹੈ। ਹਰੇਕ ਮਾਮਲੇ ਵਿਚ ਸ਼ੱਕੀ ਪੀੜਤ ਦੇ ਘਰ ਡਲਿਵਰੀ ਮੈਨ ਜਾਂ ਅਥਾਰਟੀ ਦੇ ਵਿਅਕਤੀਆਂ ਦਾ ਬਹਾਨਾ ਮਾਰ ਕੇ ਪਹੁੰਚ ਕਰਦੇ ਹਨ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।









604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਦਰਿਆਵਾਂ ਨੂੰ ਬੰਨ੍ਹ ਲਾਉਂਦੇ ਪੰਜਾਬ ਦੇ ਲੋਕ ਬਨਾਮ ਲਿਬੜੇ ਪੈਰ...

**ਸੁਖਵਿੰਦਰ ਸਿੰਘ ਚੋਹਲਾ**

ਪਿਛਲੇ ਦਿਨੀਂ ਭਾਰੀ ਬਾਰਿਸ਼ ਕਾਰਣ ਹਿਮਾਚਲ, ਪੰਜਾਬ, ਹਰਿਆਣਾ ਅਤੇ ਦਿੱਲੀ ਤੱਕ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਹਿਮਾਚਲ ਪ੍ਰਦੇਸ਼ ਵਿਚ ਨਦੀਆਂ ਕੰਢੇ ਵੱਸੇ ਸ਼ਹਿਰਾਂ ਵਿਚ ਬਹੁਮੰਜਲੀ ਇਮਾਰਤਾਂ ਦੇ ਵਹਿ ਜਾਣ, ਗੱਡੀਆਂ, ਬੱਸਾਂ ਦੇ ਰੁੜਨ ਅਤੇ ਕਈ ਮਨੁੱਖੀ ਜਾਨਾਂ ਦੇ ਨੁਕਸਾਨ ਦੇ ਨਾਲ ਰਾਜਧਾਨੀ ਦਿੱਲੀ ਦੇ ਲਾਲ ਕਿਲੇ ਤੱਕ ਯਮੁਨਾ ਦੇ ਪਾਣੀ ਦੀ ਮਾਰ ਦੀਆਂ ਤਸਵੀਰਾਂ ਵਿਆਕੁਲ ਕਰ ਦੇਣ ਵਾਲੀਆਂ ਰਹੀਆਂ। ਪੰਜਾਬ ਵਿਚ ਸਤਲੁਜ, ਘੱਗਰ, ਬਿਆਸ ਅਤੇ ਰਾਵੀ ਆਦਿ ਦਰਿਆਵਾਂ ਦੇ ਬੰਨ ਟੁੱਟਣ ਨਾਲ ਪੰਜਾਬ ਦੇ ਕੁਲ 23 ਜਿਲਿਆਂ ਚੋਂ 19 ਜਿਲੇ ਹੜ ਦੇ ਪਾਣੀ ਨਾਲ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਸਰਕਾਰੀ ਰਿਪੋਰਟਾਂ ਮੁਤਾਬਿਕ ਪੰਜਾਬ ਦੇ ਕੁਲ 1432 ਪਿੰਡਾਂ ਨੂੰ ਹੜਾਂ ਕਾਰਣ ਭਾਰੀ ਨੁਕਸਾਨ ਪੁੱਜਾ ਹੈ। ਘਰਾਂ ਤੇ ਖੇਤਾਂ ਦੇ ਨੁਕਸਾਨ ਦੇ ਨਾਲ ਕੁਲ 38 ਲੋਕਾਂ ਨੂੰ ਆਪਣੀ ਜਾਨ ਤੋ ਵੀ ਹੱਥ ਧੋਣੇ ਪਏ ਹਨ ਜਦੋਂਕਿ 15 ਹੋਰ ਜ਼ਖਮੀ ਹੋਏ ਤੇ 2 ਅਜੇ ਤੱਕ ਲਾਪਤਾ ਹਨ। ਰੋਪੜ, ਜਲੰਧਰ, ਪਟਿਆਲਾ ਅਤੇ ਲੁਧਿਆਣਾ ਦੇ ਕਈ ਪਿੰਡ ਦਰਿਆਵਾਂ ਦੇ ਬੰਨ ਟੁੱਟਣ ਕਾਰਣ ਹੜਾਂ ਦਾ ਸ਼ਿਕਾਰ ਹੋਏ ਹਨ। ਦਰਿਆਵਾਂ ਦੇ ਕੰਢੇ ਕੁਲ 27 ਪਾੜ ਪਏ ਜਿਹਨਾਂ ਚੋ ਕੇਵਲ ਤਿੰਨ ਪਾੜਾਂ ਉਪਰ ਹੀ ਤੁਰੰਤ ਕਾਬੂ ਪਾਉਣ ਵਿਚ ਸਫਲਤਾ ਮਿਲੀ।

ਹੜਾਂ ਕਾਰਣ ਪਿੰਡਾਂ ਦੇ ਪਿੰਡ ਪਾਣੀ ਵਿਚ ਡੁੱਬੇ ਪਏ ਹਨ ਜਿਹਨਾਂ ਦੀਆਂ ਵੀਡੀਓ ਅਤੇ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਮਨੁੱਖੀ ਜਾਨਾਂ ਦੇ ਨਾਲ ਹਜਾਰਾਂ ਕਰੋੜਾਂ ਦੀ ਫਸਲ ਵੀ ਡੁੱਬ ਗਈ। ਹੜਾ ਦੇ ਪਾਣੀ ਤੋ ਬਚਾਅ ਲਈ ਲਗਪਗ 22000 ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾਇਆ ਗਿਆ।

ਪੰਜਾਬ ਭਰ ਵਿਚ ਆਏ ਹੜਾਂ ਕਾਰਣ ਜਿਥੇ ਫੌਜ, ਕੌਮੀ ਆਫਤ ਪ੍ਰਬੰਧਨ ਦੀਆਂ ਟੀਮਾਂ ਲੋਕਾਂ ਨੂੰ ਬਚਾਉਣ ਅਤੇ ਸੁਰੱਖਿਅਤ ਕੱਢਣ ਵਿਚ ਲੱਗੀਆਂ ਰਹੀਆਂ ਉਥੇ ਪੰਜਾਬ ਦੀਆਂ ਸਮਾਜ ਸੇਵੀ ਸੰਸਥਾਵਾਂ ਨਾਲ ਨੌਜਵਾਨ ਵਰਗ ਨੇ ਬੜੀ ਹਿੰਮਤ ਵਿਖਾਉਂਦਿਆਂ ਹੜਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਕੀਤੀ ਤੇ ਹੁਣ ਤੱਕ ਕੀਤੀ ਜਾ ਰਹੀ ਹੈ। ਹੜਾਂ ਵਿਚ ਘਿਰੇ ਲੋਕਾਂ ਨੂੰ ਰਾਸ਼ਨ, ਦਵਾਈਆਂ ਅਤੇ ਹੋਰ ਸਹਾਇਤਾ ਪਹੁੰਚਾਉਣ ਲਈ ਨੌਜਵਾਨ ਟਰੈਕਟਰਾਂ ਅਤੇ ਕਿਸ਼ਤੀਆਂ ਵਿਚ ਵਿਅਕਤੀਗਤ ਰੂਪ ਅਤੇ ਸਮਾਜ ਸੇਵੀ ਸੰਸਥਾਵਾਂ ਨਾਲ ਲੱਗੇ ਹੋਏ ਹਨ। ਇਸ ਵਾਰ ਹੜ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਸ੍ਰੋਮਣੀ ਕਮੇਟੀ ਦੇ ਸੇਵਾਦਾਰ ਵੀ ਮੋਹਰੀ ਭੂਮਿਕਾ ਨਿਭਾਉਂਦੇ ਦਿਖਾਈ ਦਿੱਤੇ ਹਨ। ਸ੍ਰੋਮਣੀ ਕਮੇਟੀ ਵਲੋਂ ਕਿਸਾਨਾਂ ਦੀ ਮਦਦ ਵਾਸਤੇ ਲਗਪਗ 55-60 ਏਕੜ ਵਿਚ ਝੋਨੇ ਦੀ ਪਨੀਰੀ ਲਗਾਉਣ ਅਤੇ ਮਫਤ ਵੰਡਣ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਉਪਰ ਹੜਾਂ ਦੀ ਇਸ ਮੁਸੀਬਤ ਦੇ ਸਮੇਂ ਜਿਥੇ ਇਕ ਪਾਸੇ ਲੋਕ ਇਕ ਦੂਸਰੇ ਦੀ ਮਦਦ ਲਈ ਅੱਗੇ ਆਏ ਹਨ ਉਥੇ ਸਿਆਸੀ ਪਾਰਟੀਆਂ ਦੇ ਆਗੂ ਲੋਕਾਂ ਦੀ ਮਦਦ ਦੇ ਬਹਾਨੇ ਵੀਡੀਓਗ੍ਰਾਫੀ, ਤਸਵੀਰਾਂ ਅਤੇ ਸਿਆਸੀ ਤਾਅਨੇ ਮੇਹਣਿਆਂ ਵਿਚ ਮਸਰੂਫ ਦਿਖਾਈ ਦਿੱਤੇ ਹਨ। ਹੜਾਂ ਵਿਚ ਫਸੇ ਲੋਕਾਂ ਦੀ ਮਦਦ ਦੇ ਬਹਾਨੇ ਕੋਈ ਵੀ ਸਿਆਸੀ ਆਗੂ ਪਿੱਛੇ ਨਹੀ ਰਿਹਾ। ਜੇ ਮੁੱਖ ਮੰਤਰੀ ਅਤੇ ਉਹਨਾਂ ਦੀ ਟੀਮ ਵਿਚ ਸ਼ਾਮਿਲ ਮੰਤਰੀ ਅਤੇ ਵਿਧਾਇਕ ਲੋਕਾਂ ਦੀ ਮਦਦ ਕਰਦਿਆਂ ਦੀਆਂ ਤਸਵੀਰਾਂ ਅਤੇ ਵੀਡੀਓ ਸ਼ੇਅਰ ਕਰ ਰਹੇ ਹਨ ਤਾਂ ਵਿਰੋਧੀ ਪਾਰਟੀਆਂ ਦੇ ਆਗੂ ਵੀ ਕਿਤੇ ਪਿੱਛੇ ਨਹੀ ਰਹੇ। ਹੜਾਂ ਦੇ ਪਾਣੀ ਦਾ ਪੱਧਰ ਭਾਵੇਂਕਿ ਹੁਣ ਹੇਠਾਂ ਜਾ ਰਿਹਾ ਹੈ ਪਰ ਸਿਆਸੀ ਪਾਰਾ ਜਿਉਂ ਦਾ ਤਿਉਂ ਹੈ। ਵਿਰਧੀ ਧਿਰਾਂ ਦੇ ਆਗੂ ਇਹਨਾਂ ਹੜਾਂ ਲਈ ਮਾਨ ਸਰਕਾਰ ਵਲੋਂ ਸਮੇਂ ਸਿਰ ਮੌਸਮ ਵਿਭਾਗ ਦੀਆਂ ਚੇਤਾਵਨੀਆਂ ਨੂੰ ਅਣਗੌਲਾ ਕਰਨ ਅਤੇ ਰੇਤ ਮਾਫੀਆ ਉਪਰ ਕੰਟਰੋਲ ਨਾ ਕਰਨ ਕਰਕੇ ਕੁਦਰਤੀ ਕਰੋਪੀ ਦੇ ਨਾਲ ਮਾਨਵੀ ਅਣਗਹਿਲੀ ਨੂੰ ਵੀ ਜਿੰਮੇਵਾਰ ਠਹਿਰਾ ਰਹੇ ਹਨ। ਸ਼ਾਇਦ 2024 ਦੀਆਂ ਲੋਕ ਸਭ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕੋਈ ਵੀ ਸਿਆਸੀ ਆਗੂ ਇਸ ਬਿਪਤਾ ਦੀ ਘੜੀ ਵਿਚ ਆਪਣੇ ਆਪਨੂੰ ਉਭਾਰਨ ਤੇ ਲੋਕ ਹਮਦਰਦ ਸਾਬਿਤ ਕਰਨ ਲਈ ਪੱਬਾਂ ਭਾਰ ਹੈ। ਹੜਾਂ ਦੌਰਾਨ ਜੇ ਮੁਖ ਮੰਤਰੀ ਭਗਵੰਤ ਮਾਨ ਖੁਦ ਗੋਡੇ ਗੋਡੇ ਪਾਣੀ ਵਿਚ ਵੜਕੇ ਲੋਕਾਂ ਦੀ ਮਦਦ ਕਰਨ ਦਾ ਐਲਾਨ ਕਰਦੇ ਦਿਖਾਈ ਦਿੱਤੇ ਤਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ, ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਤੇ ਹੋਰ ਕਈ ਆਗੂ ਕਿਤੇ ਵੀ ਪਿੱਛੇ ਨਹੀ ਰਹੇ। ਹਰ ਕੋਈ ਆਪਣੇ ਆਪਨੂੰ ਹੜ ਪੀੜਤਾਂ ਦਾ ਸੱਚਾ ਹਮਦਰਦ ਸਾਬਿਤ ਕਰਨ ਦੀ ਦੌੜ ਵਿਚ ਰਿਹਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਨੌਰ ਹਲਕੇ ਦੇ ਹੜ ਪ੍ਰਭਾਵਿਤ ਪਿੰਡਾਂ ਦਾ ਟਰੈਕਟਰ ਦੀ ਸੀਟ ਉਪਰ ਬੈਠਕੇ ਦੌਰਾ ਕੀਤਾ ਤੇ ਉਹਨਾਂ ਨੂੰ ਵੀਡੀਓ ਵਿਚ ਇਹ ਕਹਿੰਦਿਆਂ ਸੁਣਿਆ ਗਿਆ ਕਿ ਅਗਰ ਸਰਕਾਰ ਲੋਕਾਂ ਦੀ ਮਦਦ ਨਹੀ ਕਰਦੀ ਤਾਂ ਉਹ ਖੁਦ ਲੋਕਾਂ ਦੀ ਹਰ ਤਰਾਂ ਮਦਦ ਕਰਨਗੇ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਘੱਗਰ ਦਰਿਆ ਦੀ ਮਾਰ ਹੇਠ ਆਏ ਮੂਣਕ ਹਲਕੇ ਦੇ ਪਿੰਡਾਂ ਵਿਚ ਟਰੈਕਟਰ ਟਰਾਲੀਆਂ ਵਿਚ ਘੁੰਮਦੇ ਵੇਖੇ ਗਏ। ਵੜਿੰਗ ਤੇ ਬਾਜਵਾ ਨੇ ਇਹਨਾਂ ਹੜਾਂ ਲਈ ਆਪ ਸਰਕਾਰ ਨੂੰ ਜਿੰਮੇਵਾਰ ਠਹਿਰਾਉਂਦਿਆਂ ਕਿਸਾਨਾਂ ਲਈ ਪ੍ਰਤੀ ਏਕੜ 50,000 ਰੁਪਏ ਅਤੇ ਮਕਾਨ ਲਈ 5 ਲੱਖ ਰੁਪਏ ਮੁਆਵਜਾ ਦੇਣ ਦੀ ਮੰਗ ਕੀਤੀ। ਉਹਨਾਂ ਦਾ ਕਹਿਣਾ ਸੀ ਕਿ ਅਗਰ ਸਰਕਾਰ ਨੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ ਤਾਂ ਨੁਕਸਾਨ ਨੂੰ ਘਟਾਇਆ ਜਾ ਸਕਦਾ ਸੀ।

ਇਸ ਦੌਰਾਨ ਹੜ ਪੀੜਤਾਂ ਦੀ ਮਦਦ ਦਾ ਉਹ ਦ੍ਰਿਸ਼ ਬਹੁਤ ਰੌਚਕ ਰਿਹਾ ਜਿਸ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧੀ ਜੈਇੰਦਰ ਕੌਰ ਜੋ ਹੁਣ ਭਾਜਪਾ ਆਗੂ ਤੇ ਪਟਿਆਲਾ ਤੋ ਲੋਕ ਸਭਾ ਟਿਕਟ ਦੀ ਚਾਹਵਾਨ ਹੈ, ਲੱਕ ਲੱਕ ਪਾਣੀ ਵਿਚ ਡੁੱਬੀ, ਸਿਰ ਉਪਰ ਪਾਣੀ ਦੀਆਂ ਬੋਤਲਾਂ ਚੁੱਕੀ ਆਪਣੇ ਇਕ ਸਾਥੀ ਕੋਲੋ ਵੀਡੀਓ ਬਣਵਾ ਰਹੀ ਹੈ। ਉਸਦੀ ਪੰਜਾਬ ਦੇ ਕੈਬਨਿਟ ਮੰਤਰੀ ਤੇ ਸਮਾਣਾ ਤੋ ਵਿਧਾਇਕ ਚੇਤਨ ਸਿੰਘ ਜੌੜੇਮਾਜਰਾ ਨਾਲ ਇਕ ਕਿਸ਼ਤੀ ਨੂੰ ਲੈਕੇ ਬਹਿਸਬਾਜੀ ਦੀ ਵੀਡੀਓ ਵੀ ਚਰਚਾ ਵਿਚ ਹੈ।

ਜੇ ਪੱਟੀ ਤੋ ਆਪ ਵਿਧਾਇਕ ਅਤੇ ਮੰਤਰੀ ਲਾਲਜੀਤ ਭੁੱਲਰ ਹੜ ਦੇ ਪਾਣੀ ਵਿਚ ਲੋਕਾਂ ਦੀ ਮਦਦ ਕਰਦਿਆਂ ਹੱਥ ਉਪਰ ਰੋਟੀ ਰੱਖਕੇ ਖਾਂਦੇ ਦਿਖਾਈ ਦੇ ਰਹੇ ਹਨ ਤਾਂ ਨਾਭਾ ਤੋ ਆਪ ਵਿਧਾਇਕ ਦੇਵ ਮਾਨ ਪਾਣੀ ਵਿਚ ਡੁੱਬੇ ਖੇਤ ਵਿਚੋ ਕੱਛੂਕੁੰਮੇ ਨੂੰ ਬਚਾਉਂਦੇ ਹੋਏ ਚਰਚਾ ਵਿਚ ਹਨ। ਇਸ ਦੌਰਾਨ ਸੋਸ਼ਲ ਮੀਡੀਆ ਤੇ ਟਵਿੱਟਰ ਉਪਰ ਵੀ ਨੇਤਾਵਾਂ ਨੇ ਕੋਈ ਕਸਰ ਨਹੀ ਛੱਡੀ। ਨਵਜੋਤ ਸਿੱਧੂ ਟਵਿਟਰ ਉਪਰ ਮੁੱਖ ਮੰਤਰੀ ਨੂੰ ਰੇਤ ਤੇ ਖਨਨ ਮੁਆਫੀ ਖਿਲਾਫ ਵਰਤੀ ਗਈ ਢਿੱਲ ਲਈ ਘੇਰਨ ਤੋ ਬਾਜ ਨਹੀ ਆਏ। ਉਧਰ ਮੁੱਖ ਮੰਤਰੀ ਭਾਜਪਾ ਪ੍ਰਧਾਨ ਸੁਨੀਲ ਜਾਖਲ, ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੰਬੋਧਨ ਹੁੰਦਿਆਂ ਖੁਦ ਟਵੀਟ ਕਰਦੇ ਹਨ ਕਿ ਪੰਜਾਬ ਕਾਂਗਰਸ ਦੀ ਭਾਜਪਾ ਇਕਾਈ ਦੇ ਪ੍ਰਧਾਨ, ਬਚੀ ਖੁਚੀ ਕਾਂਗਰਸ ਦੇ ਪ੍ਰਧਾਨ ਅਤੇ ਖਾਲੀ ਦਲ ਦੇ ਪ੍ਰਧਾਨ ਨੂੰ ਮੈਂ ਇਹ ਕਹਿਣਾ ਚਾਹੁੰਦਾ ਹੈ ਕਿ ਇਸ ਸਮੇਂ ਮੈਂ ਕੁਦਰਤੀ ਕਰੋਪੀ ਦਾ ਸਾਹਮਣਾ ਕਰ ਰਹੇ ਪੰਜਾਬੀਆਂ ਦੀ ਮਦਦ ਕਰਨ ਵਿਚ ਮਸਰੂਫ ਹਾਂ, ਮੈਨੂੰ ਵਿਹਲਾ ਹੋਣ ਲੈਣ ਦਿਓ ਫਿਰ ਤੁਹਾਡੇ ਨਾਲ ਸਿਆਸਤ ਦੀ ਭਾਸ਼ਾ ਵਿਚ ਗੱਲ ਕਰਾਂਗਾ। ਪਰ ਇਸ ਦੌਰਾਨ ਉਹ ਵੀ ਸਿਆਸਤ ਕਰਨੋ ਨਹੀ ਟਲੇ। ਕਲੀਨ ਉਪਰ ਲਿਬੜੇ ਪੈਰਾਂ ਦੀ ਤਸਵੀਰ ਨਾਲ ਕੈਪਸ਼ਨ ਹੈ - ਹੈ ਕੋਈ ਅਜਿਹਾ ਮੁੱਖ ਮੰਤਰੀ ਜਿਸਦੇ ਪੈਰ ਲੋਕਾਂ ਦੀ ਮਦਦ ਕਰਦਿਆਂ ਇਸਤਰਾਂ ਲਿਬੜੇ ਹੋਣ। ਇਸ ਤਸਵੀਰ ਨੂੰ ਵੇਖਦਿਆਂ ਕੋਈ ਵੀ ਸਿਆਣਾ ਬੰਦਾ ਸਮਝ ਸਕਦਾ ਹੈ ਕਿ ਕੋਈ ਕਿੰਨਾ ਵੀ ਮੂਰਖ ਹੋਵੇ ਪਰ ਕਲੀਨ ਵਿਛੇ ਏਸੀ ਕਮਰੇ ਵਿਚ ਇਸ ਤਰਾਂ ਲਿਬੜੇ ਪੈਰਾਂ ਨਾਲ ਨਹੀ ਬੈਠਿਆ ਜਾ ਸਕਦਾ। ਪੰਜਾਬ ਦੇ ਲੋਕਾਂ ਸਿਰ ਬਣੀ ਇਸ ਬਿਪਤਾ ਦੀ ਘੜੀ ਸਿਆਸਤਦਾਨਾਂ ਨੇ ਆਪਣੀ ਸਿਆਸਤ ਘੋਟਣ ਵਿਚ ਕੋਈ ਕਸਰ ਨਹੀ ਛੱਡੀ ਪਰ ਇਸ ਦੌਰਾਨ ਸਮਾਜ ਸੇਵੀ ਸੰਸਥਾਵਾਂ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੇ ਸੇਵਾ ਦਾ ਜੋ ਜਜਬਾ ਅਤੇ ਜਾਨ ਜੋਖਮ ਵਿਚ ਪਾਕੇ ਲੋਕਾਂ ਦੀ ਮਦਦ ਕਰਨ ਦੇ ਨਾਲ ਹੜਾਂ ਦੇ ਪਾਣੀ ਨੂੰ ਰੋਕਣ ਲਈ ਦਰਿਆਵਾਂ ਨੂੰ ਬੰਨ ਮਾਰਨ ਦਾ ਜੋ ਕ੍ਰਿਸ਼ਮਾ ਕਰ ਵਿਖਾਇਆ, ਉਸਨੇ ਇਹ ਸਾਬਿਤ ਕਰ ਦਿੱਤਾ ਕਿ ਪੰਜਾਬ ਅਤੇ ਪੰਜਾਬੀਆਂ ਵਿਚ ਅੱਜ ਵੀ ਬਿਪਤਾ ਸਮੇਂ ਇਕ ਦੂਸਰੇ ਨਾਲ ਖੜਨ, ਲੜਨ ਅਤੇ ਅੱਗੇ ਵਧਣ ਦੀ ਹਿੰਮਤ ਬਾਕੀ ਹੈ। ਮਹਾਨ ਸ਼ਾਇਰ ਨੇ ਸੱਚ ਹੀ ਕਿਹਾ ਸੀ ਪੰਜਾਬ ਵਸਦਾ ਗੁਰਾਂ ਦੇ ਨਾਮ ਤੇ....




## ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

**FAST** ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL — KULWANT ATWAL 604-716-2135
MORTGAGES 1st, 2nd or Private — BHAJAN ATWAL 604-773-8426
BUILD WITH WARRANTY — BUILD, SUPPORT & ADVICE TEAM WORK — 604-773-8426 604-594-7592

Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426



# ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰਸਿੱਧ ਸਾਹਿਤਕਾਰ ਨਛੱਤਰ ਸਿੰਘ ਗਿੱਲ ਦੀਆਂ ਦੋ ਪੁਸਤਕਾਂ ਲੋਕ ਅਰਪਣ

ਸਰੀ (ਹਰਦਮ ਮਾਨ)–ਤਰਕਸ਼ੀਲ ਸੁਸਾਇਟੀ ਆਫ ਕੈਨੇਡਾ (ਯੂਨਿਟ ਬੀ ਸੀ) ਵੱਲੋਂ ਬੀਤੇ ਦਿਨ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਕਰਵਾਏ ਗਏ ਸਮਾਗਮ ਦੌਰਾਨ 'ਲੋਹਮਣੀ' ਮੈਗਜ਼ੀਨ ਦੇ ਬਾਨੀ ਸੰਪਾਦਕ ਅਤੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਮੈਂਬਰ ਨਛੱਤਰ ਸਿੰਘ ਗਿੱਲ ਦੀਆਂ ਦੋ ਕਿਤਾਬਾਂ 'ਕੜਵਾ ਬਦਲਾ' ਅਤੇ 'ਕਥਾ ਤਿੰਨ ਅੱਖਰਾਂ ਦੀ' ਲੋਕ ਅਰਪਣ ਕੀਤੀਆਂ ਗਈਆਂ। ਸਮਾਗਮ ਦੀ ਸ਼ੁਰੂਆਤ ਕਰਦਿਆਂ ਸੁਸਾਇਟੀ ਦੇ ਜਨਰਲ ਸਕੱਤਰ ਨਿਰਮਲ ਕਿੰਗਰਾ ਨੇ ਨਛੱਤਰ ਗਿੱਲ ਦੀ ਸਾਹਿਤਿਕ ਘਾਲਣਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਮਰ ਦੇ ਜਿਸ ਪੜਾਅ ਨੂੰ ਲੋਕ ਬੁੜ੍ਹਾਪਾ ਕਹਿ ਕੇ ਅਜਾਈਂ ਗੁਆ ਦਿੰਦੇ ਹਨ ਅਸਲ ਵਿੱਚ ਇਹੀ ਸਮਾਂ ਤਜਰਬਿਆਂ ਭਰਪੂਰ ਜ਼ਿੰਦਗੀ ਹੋਣ ਕਾਰਨ ਸਿਰਜਣਾ ਦਾ ਸਮਾਂ ਹੁੰਦਾ ਹੈ ਅਤੇ ਨਛੱਤਰ ਗਿੱਲ ਉਮਰ ਦੇ ਇਸ ਪੜਾਅ ਦਾ ਸਦਉਪਯੋਗ ਕਰ ਰਹੇ ਹਨ। ਪੁਸਤਕਾਂ ਬਾਰੇ ਬੋਲਦਿਆਂ ਮੋਹਨ ਗਿੱਲ ਨੇ ਕਿਹਾ ਕਿ ਨਛੱਤਰ ਸਿੰਘ ਗਿੱਲ ਹੁਣ ਤੱਕ ਕਵਿਤਾ, ਕਹਾਣੀਆਂ, ਅਨੁਵਾਦ ਅਤੇ ਨਾਵਲ ਦੇ ਰੂਪ ਵਿਚ 33 ਪੁਸਤਕਾਂ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ ਅਤੇ ਪੰਜਾਬੀ ਸਾਹਿਤਕ ਜਗਤ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਪਰਮਿੰਦਰ ਸਵੈਚ ਨੇ ਨਛੱਤਰ ਗਿੱਲ ਦੀ ਪੁਸਤਕ 'ਕਥਾ ਤਿੰਨ ਅੱਖਰਾਂ' 'ਤੇ ਚਰਚਾ ਕਰਦਿਆਂ ਕਿਹਾ ਕਿ ਪਿਆਰ ਸ਼ਬਦ ਭਾਵੇਂ ਤਿੰਨ ਅੱਖਰਾਂ ਤੋਂ ਬਣਿਆ ਹੈ ਪਰ ਇਸ ਸ਼ਬਦ ਦੀ ਮਹਾਨਤਾ ਹੈ ਕਿ



ਸਮਾਜ ਦਾ ਹਰ ਵਰਗ ਤੇ ਮਨੁੱਖੀ ਵਿਹਾਰ ਇਸ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦਾ। ਗੁਰਮੇਲ ਗਿੱਲ ਨੇ ਕਿਹਾ ਕਿ ਭਾਵੇਂ ਪਿਆਰ ਸ਼ਬਦ ਮਨੁੱਖੀ ਭਾਵਨਾਵਾਂ ਦਾ ਪ੍ਰਗਟਾਅ ਹੈ ਪਰ ਸਮਾਜ ਦੀ ਬਣਤਰ ਵਿੱਚੋਂ ਆਰਥਿਕਤਾ ਦੀ ਭੂਮਿਕਾ ਨੂੰ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ। ਤਰਕਸ਼ੀਲ ਸੁਸਾਇਟੀ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਨੇ ਪੁਸਤਕ 'ਕੜਵਾ ਬਦਲਾ' ਬਾਰੇ ਗੱਲ ਕਰਦਿਆਂ ਕਿਹਾ ਕਿ ਅਨੁਵਾਦ ਲੇਖਕ ਦੀ ਮੌਲਿਕ ਰਚਨਾ ਦੀ ਸਿਰਜਣਾ ਨਾਲੋਂ ਵੀ ਔਖਾ ਹੁੰਦਾ ਹੈ। ਨਛੱਤਰ ਸਿੰਘ ਗਿੱਲ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਉਹ ਕੌਮਾਂਤਰੀ ਪੱਧਰ ਦੀਆਂ ਅਨੇਕਾਂ ਕਿਤਾਬਾਂ ਦਾ ਅਨੁਵਾਦ ਕਰ ਚੁੱਕੇ ਹਨ ਪਰ ਕਿਸੇ ਕਿਤਾਬ ਵਿਚ ਵੀ ਮੂਲ ਲੇਖਕ ਦੀ ਭਾਵਨਾ ਨੂੰ ਮੱਧਮ ਨਹੀਂ ਪੈਣ ਦਿੱਤਾ। ਡਾਕਟਰ ਸੁਰਜੀਤ ਬਰਾੜ ਘੋਲੀਆ ਨੇ ਨਛੱਤਰ ਗਿੱਲ ਹੋਰਾਂ ਦੀ ਲੇਖਣੀ ਦੇ ਸਫ਼ਰ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਕਿਹਾ ਕਿ ਭਾਵੇਂ ਨਛੱਤਰ ਗਿੱਲ ਵਿੱਚ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿੱਚ ਰਚਨਾ ਕਰਨ ਦੀ ਪ੍ਰਤਿਭਾ ਮੌਜੂਦ ਸੀ ਪਰ ਸਾਹਿਤਕ ਹਲਕਿਆਂ ਨਾਲ ਸਿੱਧੇ ਸੰਪਰਕ ਵਿਚ ਆਉਣ ਤੋਂ ਬਾਅਦ ਉਨ੍ਹਾਂ ਦਾ ਝੁਕਾਅ ਨਾਵਲ ਰਚਨਾ 'ਤੇ ਕੇਂਦਰਤ ਹੋ ਗਿਆ ਤੇ ਉਨ੍ਹਾਂ ਨੇ 'ਕਾਲੀ ਹਨੇਰੀ' ਵਰਗੀਆਂ ਸ਼ਾਹਕਾਰ ਰਚਨਾਵਾਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਬਹੁਮੁੱਲਾ ਸਰਮਾਇਆ ਦਿੱਤਾ। ਉਨ੍ਹਾਂ ਦੱਸਿਆ ਕਿ ਨਛੱਤਰ ਗਿੱਲ ਦਾ ਵੱਡ-ਆਕਾਰੀ ਨਵਾਂ ਨਾਵਲ ਜੋ ਕਿ ਫੀਡਲ ਕਾਸਤਰੋ ਦੇ ਜੀਵਨ ਘਾਲਣਾਵਾਂ 'ਤੇ ਅਧਾਰਤ ਹੈ ਜਲਦੀ ਛਪ ਰਿਹਾ ਹੈ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਅਤੇ ਉੱਘੇ ਸ਼ਾਇਰ ਕ੍ਰਿਸ਼ਨ ਭਨੋਟ ਨੇ ਪੁਸਤਕਾਂ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ। ਪਿਆਰਾ ਸਿੰਘ ਚਾਹਲ ਅਤੇ ਹਰਨੇਕ ਰਾਣਾ ਨੇ ਆਪਣੇ ਆਪਣੇ ਗੀਤਾਂ ਰਾਹੀਂ ਸਮਾਗਮ ਨੂੰ ਰੌਚਿਕ ਬਣਾਇਆ। ਅੰਤ ਵਿਚ ਨਛੱਤਰ ਸਿੰਘ ਗਿੱਲ ਨੇ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਅਤੇ ਸਾਰੇ ਸ਼ੁਭਚਿੰਤਕਾਂ ਦਾ ਧੰਨਵਾਦ ਕੀਤਾ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਭਵਿੱਖ ਦੇ ਵਪਾਰਕ ਟੈਕਸਾਂ ਲਈ ਵੱਡੀਆਂ ਚਿੰਤਾਵਾਂ ਪੈਦਾ ਕਰਦਾ ਹੈ ਸਰੀ ਪੁਲਿਸ ਬਾਰੇ ਫ਼ੈਸਲਾ

ਸਰੀ-ਸਰੀ ਬੋਰਡ ਆਫ ਟਰੇਡ ਦੇ ਪਾਲਿਸੀ ਤੇ ਰਿਸਰਚ ਮੈਨੇਜਰ ਜਸਰੂਪ ਗੋਸਲ ਨੇ ਕਿਹਾ ਕਿ ਅਸੀਂ ਬੀਸੀ ਸਰਕਾਰ ਵਲੋਂ ਕੀਤੇ ਫ਼ੈਸਲੇ ਤੋਂ ਨਿਰਾਸ਼ ਹੋਏ ਹਾਂ। ਆਰਸੀਐਮਪੀ ਨੇ ਸਰੀ ਵਿਚ ਪ੍ਰਭਾਵਸ਼ਾਲੀ ਪੁਲਿਸ ਪ੍ਰਬੰਧ ਨੂੰ ਯਕੀਨੀ ਬਣਾਉਣ ਲਈ ਕਈ ਨੀਤੀਆਂ ਤੇ ਤਰੀਕੇ ਲਾਗੂ ਕੀਤੇ ਹਨ। ਸਰੀ ਵਾਸੀਆਂ ਤੇ ਕਾਰੋਬਾਰਾਂ ਨੂੰ ਸਹਾਇਤਾ ਸੇਵਾਵਾਂ ਲਈ ਇਕ ਠੋਸ ਪੁਲਿਸ ਰਣਨੀਤੀ ਦੀ ਲੋੜ ਹੈ। ਇਸ ਤੋਂ ਇਲਾਵਾ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਮਿਉਂਸਪਲ ਪੁਲਿਸ ਫੋਰਸ ਵਿਚ ਜਾਣ ਨਾਲ ਦੂਜੇ ਅਧਿਕਾਰਤ ਖੇਤਰਾਂ ਦੇ ਪੁਲਿਸ ਅਧਿਕਾਰੀਆਂ ਦੇ ਆਉਣ ਜਾਣ 'ਤੇ ਕੋਈ ਅਸਰ ਨਹੀਂ ਪਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜ ਸਕੇ ਕਿ ਸਰੀ ਕੋਲ ਪ੍ਰਤੀ ਵਿਅਕਤੀ ਦੇ ਆਧਾਰ 'ਤੇ ਲੋੜੀਂਦੇ ਪੁਲਿਸ ਅਧਿਕਾਰੀਆਂ ਦੀ ਉਚਿੱਤ ਗਿਣਤੀ ਹੈ। ਇਸ ਗੱਲ ਦਾ ਵੀ ਕੋਈ ਸਬੂਤ ਨਹੀਂ ਕਿ ਨਵੀਂ ਪੁਲਿਸ ਫੋਰਸ ਦਾ ਕਾਰੋਬਾਰੀ ਟੈਕਸਾਂ 'ਤੇ ਅਸਰ ਨਹੀਂ ਪਵੇਗਾ। ਕਾਰੋਬਾਰ ਹਮੇਸ਼ਾ ਵਧੇ ਹੋਏ ਟੈਕਸਾਂ ਦੀ ਭਾਰ ਝੱਲਦੇ ਹਨ। ਇਹ ਮਹਿੰਗੀ ਟਰਾਂਜ਼ੀਸ਼ਨ ਹੋਵੇਗੀ ਜਿਸ ਵਿਚ ਪੁਲਿਸ ਫੋਰਸ ਫੈਡਰਲ ਸਰਕਾਰ ਦੀ ਸਹਾਇਤਾ ਜਾਂ ਸਿਖਲਾਈ ਅਧਿਕਾਰ ਖੇਤਰਾਂ ਤੋਂ ਬਿਨ੍ਹਾਂ ਕਾਇਮ ਕੀਤੀ ਜਾਵੇਗੀ।

# ਸ਼ੈਲਟਰ ਦੀ ਘਾਟ ਦਰਮਿਆਨ ਟੋਰਾਂਟੋ 150 ਪਨਾਹ ਮੰਗਣ ਵਾਲਿਆਂ ਲਈ ਹੋਟਲ ਦੇ ਕਮਰੇ ਖੋਲ੍ਹੇਗਾ

ਟੋਰਾਂਟੋ-ਫੈਡਰਲ ਸਰਕਾਰ ਵਲੋਂ ਸ਼ੈਲਟਰ ਥਾਵਾਂ ਲਈ 97 ਮਿਲੀਅਨ ਡਾਲਰ ਦਾ ਵਾਅਦਾ ਮਿਲਣ ਪਿੱਛੋਂ ਟੋਰਾਂਟੋ ਪਨਾਹ ਮੰਗਣ ਵਾਲੇ 150 ਵਿਅਕਤੀਆਂ ਲਈ ਹੋਟਲ ਦੇ ਕਮਰੇ ਖੋਲ੍ਹ ਰਿਹਾ ਹੈ ਪਰ ਮੇਅਰ ਓਲੀਵੀਆ ਚਾਉ ਨੇ ਕਿਹਾ ਕਿ ਸੰਕਟ ਲਈ ਲੰਬੇ ਸਮੇਂ ਦੇ ਹੱਲ ਦੀ ਲੋੜ ਹੈ। ਟੋਰਾਂਟੋ ਵਿਚ ਪਹੁੰਚਣ ਵਾਲੇ ਸ਼ਰਨਾਰਥੀ ਦਾਅਵੇਦਾਰਾਂ ਨੂੰ ਪਨਾਹ ਦੇਣ ਦੀ ਵਧ ਰਹੀ ਲੋੜ ਨੂੰ ਹੱਲ ਕਰਨ ਲਈ ਮਿਸ ਚਾਉ ਵਲੋਂ ਪੇਸ਼ ਕੀਤੀ ਯੋਜਨਾ ਨੂੰ ਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ। ਕੌਂਸਲ ਵਲੋਂ ਜਿਨ੍ਹਾਂ ਉਪਾਵਾਂ ਨੂੰ ਪ੍ਰਵਾਨਗੀ ਦਿੱਤੀ ਗਈ ਉਸ ਵਿਚ ਇਸ ਸਾਲ ਮੌਜੂਦਾ ਸਮੇਂ ਬੇਘਰ ਹੋਣ ਦਾ ਸੰਤਾਪ ਭੋਗ ਰਹੇ ਲੋਕਾਂ ਲਈ ਕਿਰਾਇਆ ਸਪਲੀਮੈਂਟ ਪ੍ਰੋਗਰਾਮ ਦੇ ਵਿਸਤਾਰ ਲਈ ਇਸ ਸਾਲ 6.67 ਮਿਲੀਅਨ ਡਾਲਰ ਖਰਚ ਵੀ ਸ਼ਾਮਿਲ ਹੈ ਜਿਸ ਲਈ ਸੂਬਾ ਸਰਕਾਰ ਵੀ ਬਰਾਬਰ ਪੈਸਾ ਦੇਵੇਗੀ। ਇਕ ਸਾਂਝੇ ਬਿਆਨ ਵਿਚ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਮਿਸ ਚਾਉ ਨੇ ਕਿਹਾ ਕਿ ਰੈਂਟ ਸਪਲੀਮੈਂਟ ਪ੍ਰੋਗਰਾਮ ਦੇ ਵਿਸਤਾਰ ਲਈ ਆਪਣੇ ਸਾਂਝੇ ਯੋਗਦਾਨ ਵਿਚ ਓਟਵਾ 26.7 ਮਿਲੀਅਨ ਡਾਲਰ ਮੁਹੱਈਆ ਕਰੇ।



# ਬਟਾਲੇ ਦਾ ਬੈਂਕ ਕਰਮਚਾਰੀ 6 ਰੁਪਏ 'ਚ ਬਣਿਆ ਕਰੋੜਪਤੀ

ਜਲੰਧਰ-ਨਾਗਾਲੈਂਡ ਸਰਕਾਰ ਦੀ 6 ਰੁਪਏ ਦੀ ਡੀਅਰ ਨਰਮਦਾ ਸੈਟਰਡੇਅ ਵੀਕਲੀ ਲਾਟਰੀ ਦਾ ਡਰਾਅ 15/07/2023 ਨੂੰ ਕੱਢਿਆ ਗਿਆ ਸੀ, ਜਿਸ 'ਚ ਟਿਕਟ ਨੰਬਰ 35ਐਚ 64184 ਦਾ ਇਕ ਕਰੋੜ ਰੁਪਏ ਦਾ ਪਹਿਲਾ ਇਨਾਮ ਨਿਕਲਿਆ, ਜੋ ਕਿ ਫਿਊਚਰ ਗੇਮਿੰਗ ਐਂਡ ਹੋਟਲ ਸਰਵਿਸਜ਼ ਪ੍ਰਾਈਵੇਟ ਲਿਮਟਡ ਦੇ ਏਰੀਆ ਡਿਸਟ੍ਰੀਬਿਊਟਰ ਦੇ ਬਟਾਲਾ ਦੇ ਸਟਾਕਿਸਟ ਸੰਜੇ ਲਾਟਰੀ ਵਲੋਂ ਵੇਚੀ ਗਈ ਸੀ ਤੇ ਭਾਗਸ਼ਾਲੀ ਜੇਤੂ ਬਣੇ ਬਟਾਲਾ ਦੇ ਹੀ ਰੁਪਿੰਦਰਜੀਤ ਸਿੰਘ। ਰੁਪਿੰਦਰ ਬਟਾਲਾ ਸਥਿਤ ਖੇਤੀਬਾੜੀ ਸਹਿਕਾਰੀ ਬੈਂਕ 'ਚ ਬਤੌਰ ਕਲਰਕ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਜਦੋਂ ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਡੀਅਰ ਲਾਟਰੀ ਦੀ ਸਿਰਫ 6 ਰੁਪਏ ਦੀ ਲਾਟਰੀ ਟਿਕਟ ਖਰੀਦ ਕੇ 1 ਕਰੋੜ ਦਾ ਪਹਿਲਾ ਇਨਾਮ ਜਿੱਤਿਆ ਹੈ ਤਾਂ ਉਸ ਤੇ ਉਸ ਦੇ ਪਰਿਵਾਰ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ।

# ਪਰਿਵਾਰ ਨੂੰ ਸਬਕ ਸਿਖਾਉਣ ਲਈ ਚਾਚੀ ਨੇ ਕੀਤਾ ਮਾਸੂਮ ਭਤੀਜੇ ਦਾ ਕਤਲ

ਸੁਲਤਾਨਪੁਰ ਲੋਧੀ-ਬੀਤੇ ਦਿਨ ਸੁਲਤਾਨਪੁਰ ਲੋਧੀ ਦੇ ਮਾਤਾ ਸੁਲੱਖਣੀ ਜੀ ਡੇਰਾ ਲੰਗਰ ਹਾਲ ਵਿਚੋਂ ਇਕ 10 ਸਾਲਾ ਬੱਚਾ ਭੇਦਭਰੇ ਹਾਲਾਤ ਵਿਚ ਗੁੰਮ ਹੋ ਗਿਆ ਸੀ, ਜਿਸ ਦੀ ਲਾਸ਼ ਅੱਜ ਪਵਿੱਤਰ ਕਾਲੀ ਵੇਈਂ ਨਦੀ ਵਿਚੋਂ ਦੇਰ ਸ਼ਾਮ ਪੁਲਿਸ ਵਲੋਂ ਬਰਾਮਦ ਕਰ ਲਈ ਗਈ। ਇਸ ਸਬੰਧੀ ਡੀ.ਐਸ.ਪੀ. ਬਬਨਦੀਪ ਸਿੰਘ ਸੁਲਤਾਨਪੁਰ ਲੋਧੀ ਨੇ ਦੱਸਿਆ ਕਿ ਅੰਗਰੇਜ਼ ਸਿੰਘ ਪਿੰਡ ਸਰੂਪਵਾਲ ਹਾਲ ਵਾਸੀ ਜਵਾਲਾ ਸਿੰਘ ਨਗਰ ਵਲੋਂ ਦਰਖਾਸਤ ਦਿੱਤੀ ਗਈ ਕਿ



ਉਸ ਦਾ ਪੁੱਤਰ ਕਰਨਬੀਰ ਸਿੰਘ ਬੀਤੇ ਦਿਨ ਤੋਂ ਨਹੀਂ ਮਿਲ ਰਿਹਾ। ਬੱਚੇ ਦੀ ਭਾਲ ਸਬੰਧੀ ਇਲਾਕੇ ਦੇ ਕੈਮਰੇ ਚੈੱਕ ਕੀਤੇ ਗਏ, ਜਿਸ ਵਿਚ ਕਰੀਬ 12.30 ਵਜੇ ਇਕ ਔਰਤ ਰਾਜਵੀਰ ਕੌਰ ਬੱਚੇ ਕਰਨਬੀਰ ਨੂੰ ਆਪਣੇ ਨਾਲ ਲੈ ਕੇ ਜਾ ਰਹੀ ਹੈ। ਉਪਰੰਤ ਰਾਜਵੀਰ ਕੌਰ ਤੋਂ ਪੁੱਛਗਿੱਛ ਕੀਤੀ ਗਈ, ਜਿਸ ਨੇ ਮੰਨਿਆ ਕਿ ਉਸ ਦਾ ਹੀਰਾ ਸਿੰਘ ਨਾਂਅ ਦੇ ਵਿਅਕਤੀ, ਜੋ ਕਿ ਕਰਨਬੀਰ ਸਿੰਘ ਦਾ ਚਾਚਾ ਲੱਗਦਾ ਹੈ, ਨਾਲ ਕਥਿਤ ਨਾਜਾਇਜ਼ ਸਬੰਧ ਹਨ, ਜਿਸ ਨੂੰ ਲੈ ਕੇ ਕਰਨਬੀਰ ਸਿੰਘ ਦੇ ਪਿਤਾ ਅੰਗਰੇਜ਼ ਸਿੰਘ ਤੇ ਮਾਤਾ ਚਰਨਜੀਤ ਕੌਰ ਇਤਰਾਜ਼ ਕਰਦੇ ਸਨ। ਰਾਜਵੀਰ ਕੌਰ ਨੇ ਕਬੂਲ ਕੀਤਾ ਕਿ ਉਹ ਦੋਵੇਂ ਕਰਨਬੀਰ ਸਿੰਘ ਦੇ ਪਰਿਵਾਰ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ, ਜਿਸ ਨੂੰ ਲੈ ਕੇ ਉਨ੍ਹਾਂ ਨੇ ਬੱਚੇ ਨੂੰ ਵੇਈਂ ਨਦੀ ਵਿਚ ਧੱਕਾ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ। ਰਾਜਵੀਰ ਕੌਰ ਤੇ ਹੀਰਾ ਸਿੰਘ ਪੁਲਿਸ ਹਿਰਾਸਤ ਵਿਚ ਹਨ।

# ਡੇਰਾ ਮੁਖੀ 30 ਦਿਨ ਦੀ ਪੈਰੋਲ 'ਤੇ ਜੇਲ੍ਹ 'ਚੋਂ ਰਿਹਾਅ

ਸਫ਼ਾ 3 ਦੀ ਬਾਕੀ

ਬਰਨਾਵਾ ਡੇਰੇ 'ਚ ਹੀ ਰਹੇਗਾ। 30 ਦਿਨ ਦੀ ਪੈਰੋਲ ਪੂਰੀ ਹੋਣ ਤੋਂ ਬਾਅਦ ਡੇਰਾ ਮੁਖੀ ਨੂੰ 20 ਅਗਸਤ ਨੂੰ ਸੁਨਾਰੀਆ ਜੇਲ੍ਹ 'ਚ ਵਾਪਸ ਰਿਪੋਰਟ ਕਰਨੀ ਹੋਵੇਗੀ। ਡੇਰਾ ਮੁਖੀ 2017 ਤੋਂ ਭਾਵ ਕਰੀਬ ਪਿਛਲੇ 6 ਸਾਲਾਂ ਤੋਂ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਕੱਟ ਰਿਹਾ ਹੈ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਪਿਛਲੇ ਕਰੀਬ ਡੇਢ ਸਾਲ 'ਚ ਪੰਜਵੀਂ ਵਾਰ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਆਇਆ ਹੈ। ਡੇਰਾ ਮੁਖੀ ਨੂੰ ਜਨਵਰੀ 'ਚ ਵੀ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਬੀਤੇ ਸਾਲ ਅਕਤੂਬਰ 'ਚ ਵੀ ਉਸ ਨੂੰ 40 ਦਿਨ ਅਤੇ ਇਸ ਤੋਂ ਪਹਿਲਾਂ ਜੂਨ ਮਹੀਨੇ 'ਚ ਇਕ ਮਹੀਨੇ ਦੀ ਪੈਰੋਲ ਦਿੱਤੀ ਗਈ ਸੀ। ਇਸ ਤੋਂ ਇਲਾਵਾ ਉਸ ਨੂੰ 7 ਫਰਵਰੀ 2022 ਤੋਂ ਤਿੰਨ ਹਫ਼ਤਿਆਂ ਦੀ ਛੁੱਟੀ ਵੀ ਦਿੱਤੀ ਗਈ ਸੀ।

# ਪੁੱਤ ਦੀ ਫ਼ੀਸ ਲਈ ਮਾਂ ਨੇ ਦੇ ਦਿੱਤੀ ਜਾਨ

ਚੇਨਈ-ਤਾਮਿਲਨਾਡੂ 'ਚ ਇਕ ਔਰਤ ਨੇ ਚਲਦੀ ਬੱਸ ਹੇਠਾਂ ਆ ਕੇ ਖ਼ੁਦਕੁਸ਼ੀ ਕਰ ਲਈ ਤਾਂ ਜੋ ਉਸ ਦੇ ਪੁੱਤ ਦੀ ਕਾਲਜ ਫੀਸ ਦਾ ਇੰਤਜਾਮ ਹੋ ਸਕੇ। ਔਰਤ ਡੀ.ਸੀ. ਦਫ਼ਤਰ 'ਚ ਸਫਾਈ ਕਰਮੀ ਸੀ। ਪੁਲਿਸ ਅਨੁਸਾਰ ਔਰਤ ਨੂੰ ਕਿਸੇ ਨੇ ਦੱਸਿਆ ਕਿ ਜੇਕਰ ਦੁਰਘਟਨਾ 'ਚ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਪਰਿਵਾਰ ਨੂੰ 45 ਹਜ਼ਾਰ ਰੁਪਿਆ ਮੁਆਵਜ਼ਾ ਮਿਲੇਗਾ ਤੇ ਔਰਤ ਉਸ ਦੀਆਂ ਗੱਲਾਂ 'ਚ ਆ ਗਈ। ਘਟਨਾ ਤਾਮਿਲਨਾਡੂ ਦੇ ਸੇਲਮ ਜ਼ਿਲ੍ਹੇ 'ਚ 28 ਜੂਨ ਨੂੰ ਸਵੇਰੇ ਵਾਪਰੀ ਸੀ ਪਰ ਇਸ ਦਾ ਸੀ.ਸੀ.ਟੀ.ਵੀ. ਵੀਡੀਓ ਹੁਣ ਸਾਹਮਣੇ ਆਇਆ ਹੈ, ਜੋ ਕਿ ਵਾਇਰਲ ਹੋ ਗਿਆ ਹੈ। 46 ਸਾਲ ਦੀ ਮ੍ਰਿਤਕਾ ਦੇ ਪਤੀ ਦਾ ਦਿਹਾਂਤ ਹਾਲ ਹੀ 'ਚ ਹੋਇਆ ਸੀ, ਜਦੋਂਕਿ ਉਸ ਦੇ ਦੋ ਬੱਚੇ ਇਕ ਲੜਕਾ ਤੇ ਇਕ ਲੜਕੀ ਹੈ। ਬੇਟੀ ਦੀ ਕਾਲਜ ਦੀ ਪੜ੍ਹਾਈ ਪੂਰੀ ਹੋ ਚੁੱਕੀ ਹੈ, ਜਦੋਂਕਿ ਬੇਟਾ ਨਿੱਜੀ ਕਾਲਜ 'ਚ ਗ੍ਰੈਜੂਏਸ਼ਨ ਕਰ ਰਿਹਾ ਹੈ। ਔਰਤ ਨੇ ਪਹਿਲਾਂ ਇਕ ਹੋਰ ਬੱਸ ਦੇ ਸਾਹਮਣੇ ਆਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਦੋ-ਪਹੀਆ ਵਾਹਨ ਨਾਲ ਟਕਰਾ ਕੇ ਡਿੱਗ ਗਈ ਸੀ ਤੇ ਫਿਰ ਉਸ ਨੇ ਇਕ ਹੋਰ ਬੱਸ ਸਾਹਮਣੇ ਆ ਕੇ ਆਤਮ ਹੱਤਿਆ ਕਰ ਲਈ।

# ਬੀ.ਸੀ. ਸਰਕਾਰ ਵਲੋਂ ਸਰੀ ਪੁਲਿਸ ਪ੍ਰਕਿਰਿਆ ਜਾਰੀ ਰੱਖਣ ਦੇ ਹੁਕਮ

ਸਫ਼ਾ 1 ਦੀ ਬਾਕੀ

ਜ਼ਿਕਰਯੋਗ ਹੈ ਕਿ ਸਰੀ ਪੁਲਿਸ ਬਨਾਮ ਆਰ ਸੀ ਐਮ ਪੀ ਦੇ ਵਿਵਾਦਿਤ ਮੁੱਦੇ ਨੂੰ ਲਗਭਗ ਪੰਜ ਸਾਲ ਹੋ ਗਏ ਹਨ। 5 ਨਵੰਬਰ, 2018 ਨੂੰ ਤਤਕਾਲੀ ਮੇਅਰ ਡੱਗ ਮੈਕਲਮ ਦੀ ਅਗਵਾਈ ਹੇਠ ਸੇਫ ਸਰੀ ਕੋਲੀਸ਼ਨ ਨੇ ਬਹੁਮਤ ਨਾਲ ਫੈਸਲਾ ਲਿਆ ਸੀ ਕਿ ਉਹ ਆਰ ਸੀ ਐਮ ਪੀ ਨਾਲ ਆਪਣਾ ਇਕਰਾਰਨਾਮਾ ਖਤਮ ਕਰ ਰਹੀ ਹੈ ਤੇ ਮਿਊਂਸਪਲ ਪੁਲਿਸ ਬਣਾਈ ਜਾਵੇਗੀ। ਉਸ ਸਮੇਂ ਕੌਂਸਲ ਬਰੈਂਡਾ ਲੌਕ ਅਤੇ ਜੈਕ ਹੁੰਦਲ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਸੀ। ਬਾਦ ਵਿਚ ਬਰੈਂਡ ਲੌਕ ਨੇ ਮੇਅਰ ਦੀ ਚੋਣ ਲੜਦਿਆਂ ਆਰ ਸੀ ਐਮ ਪੀ ਨਾਲ ਜੁੜੇ ਰਹਿਣ ਲਈ ਪ੍ਰਚਾਰ ਕੀਤਾ ਅਤੇ 15 ਅਕਤੂਬਰ, 2022 ਦੀਆਂ ਚੋਣਾਂ ਵਿੱਚ ਡੱਗ ਮੈਕਲਮ ਨੂੰ ਹਰਾ ਦਿੱਤਾ। ਫਿਰ ਉਸਨੇ 2018 ਦੇ ਫੈਸਲੇ ਨੂੰ ਉਲਟਾਉਣ ਲਈ ਕੌਂਸਲ ਵਿੱਚ ਆਪਣੇ ਬਹੁਮਤ ਦੀ ਵਰਤੋਂ ਕੀਤੀ ਅਤੇ ਸੂਬਾਈ ਸਰਕਾਰ ਨੂੰ ਨੋਟਿਸ ਦਿੱਤਾ ਕਿ ਉਸਨੇ RCMP ਨੂੰ ਰੱਖਣ ਦਾ ਫੈਸਲਾ ਕੀਤਾ ਹੈ। ਮਹੀਨਿਆਂ ਬਾਅਦ, ਫਾਰਨਵਰਥ ਨੇ ਪਿਛਲੇ ਅਪਰੈਲ ਵਿੱਚ ਇੱਕ ਪ੍ਰੈਸ ਕਾਨਫਰੰਸ ਕੀਤੀ ਅਤੇ ਸਿਫ਼ਾਰਸ਼ ਕੀਤੀ ਕਿ ਸਰੀ SPS ਦੀ ਟਰਾਂਜੀਸ਼ਨ ਜਾਰੀ ਰੱਖੇ ਪਰ ਮੇਅਰ ਲੌਕ ਨੇ ਸੂਬਾ ਸਰਕਾਰ ਦੀ ਗੱਲ ਨਾ ਮੰਨਦਿਆਂ ਮੁੜ 15 ਜੂਨ ਨੂੰ 6-3 ਵੋਟ ਨਾਲ ਆਪਣੇ ਫੈਸਲੇ ਦੀ ਦੁਬਾਰਾ ਪੁਸ਼ਟੀ ਕਰਕੇ ਜਵਾਬ ਦਿੱਤਾ ਕਿ ਇਹ RCMP ਦੀ ਸੇਵਾ ਜਾਰੀ ਰਹੇਗੀ। ਉਹਨਾਂ ਇਹ ਦਲੀਲ ਦਿੱਤੀ ਕਿ ਇਹ ਸਰੀ ਦਾ ਫੈਸਲਾ ਹੈ ਨਾਕਿ ਸੂਬਾ ਸਰਕਾਰ ਦਾ।

# ਲਾਪਤਾ ਹੋਏ ਦੋ ਬੱਚਿਆਂ ਲਈ ਐਂਬਰ ਅਲਰਟ ਜਾਰੀ

ਸਰੀ- ਦੋ ਬੱਚਿਆਂ ਲਈ ਐਂਬਰ ਅਲਰਟ ਐਕਟੀਵੇਟ ਕੀਤਾ ਗਿਆ ਹੈ ਜਿਨ੍ਹਾਂ ਨੂੰ ਆਖਰੀ ਵਾਰ ਆਪਣੀ ਮਾਂ ਦੇ ਨਾਲ ਕਲੋਵਨਾ ਵਿਚ ਦੇਖਿਆ ਗਿਆ ਸੀ ਅਤੇ ਆਰਸੀਐਮਪੀ ਦਾ ਕਹਿਣਾ ਕਿ ਬੱਚਿਆਂ ਦੀ ਜਾਨ ਖ਼ਤਰੇ ਵਿਚ ਹੋਣ ਦਾ ਸ਼ੱਕ ਹੈ। ਪੁਲਿਸ ਨੇ ਦੱਸਿਆ ਕਿ ਲਾਪਤਾ ਬੱਚੇ 8 ਸਾਲਾ ਅਰੋਰਾ ਬੋਲਟਨ ਤੇ 10 ਸਾਲਾ ਜੋਸ਼ੂਆ ਬੋਲਟਨ 28 ਜੂਨ ਤੋਂ ਆਪਣੀ ਮਾਂ ਵੇਰੀਟੀ ਬੋਲਟਨ ਨਾਲ ਕਲੋਵਨਾ ਖੇਤਰ ਵਿਚ ਛੁੱਟੀਆਂ 'ਤੇ ਸਨ। ਬੱਚਿਆਂ ਨੇ 17 ਜੁਲਾਈ ਨੂੰ ਪਿਤਾ ਕੋਲ ਵਾਪਸ ਆਉਣ ਸੀ ਅਤੇ ਜਦੋਂ ਉਹ ਵਾਪਸ ਨਾ ਆਏ ਤਾਂ ਪੁਲਿਸ ਨਾਲ ਸੰਪਰਕ ਕੀਤਾ ਗਿਆ। 19 ਜੁਲਾਈ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਸਰੀ ਆਰਸੀਐਮਪੀ ਕਾਰਪੋਰਲ ਵਨੇਸਾ ਮੂਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ 30 ਜੂਨ ਨੂੰ ਬੱਚਿਆਂ ਤੇ ਉਨ੍ਹਾਂ ਦੇ ਮਾਂ ਦੇ ਕਲੋਵਨਾ ਵਿਚ ਕਰਾਫਟੀ ਦੀ ਕਿਚਨ ਐਂਡ ਬਾਰ ਵਿਖੇ ਹੋਣ ਦੀ ਜਾਣਕਾਰੀ ਹੈ। ਜਾਂਚ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਉਨ੍ਹਾਂ ਦੀ ਮਾਂ ਬੱਚਿਆਂ ਨੂੰ ਉਨ੍ਹਾਂ ਦੇ ਪ੍ਰਾਇਮਰੀ ਦੇਖਭਾਲ ਕਰਨ ਵਾਲੇ ਉਨ੍ਹਾਂ ਦੇ ਪਿਤਾ ਕੋਲ ਆਉਣ ਤੋਂ ਰੋਕਣ ਲਈ ਸਰਗਰਮ ਕਦਮ ਚੁੱਕ ਰਹੀ ਹੈ।



# ਸੂਬਾ ਸਰਕਾਰ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕਰੇਗੀ-ਭਗਵੰਤ ਮਾਨ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰਾਂ ਨੂੰ ਫਸਲਾਂ, ਘਰਾਂ ਤੇ ਪਸ਼ੂਆਂ ਦੀ ਗਿਰਦਾਵਰੀ ਪਹਿਲ ਦੇ ਆਧਾਰ 'ਤੇ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ। ਸ੍ਰੀ ਮਾਨ ਨੇ ਕਿਹਾ ਕਿ ਉਹ ਪਠਾਨਕੋਟ ਤੋਂ ਸਰਦੂਲਗੜ੍ਹ ਤੱਕ ਸੂਬਾ ਭਰ ਵਿਚ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਉਤੇ ਨਜ਼ਰ ਰੱਖ ਰਹੇ ਹਨ। ਸੂਬਾ ਸਰਕਾਰ ਹੜ੍ਹ ਪੀੜਤ ਲੋਕਾਂ ਨੂੰ ਸਮੇਂ ਸਿਰ ਰਾਹਤ ਪਹੁੰਚਾਏ ਜਾਣ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਸੂਬਾ ਸਰਕਾਰ ਇਸ ਔਖੀ ਘੜੀ ਵਿਚ ਲੋਕਾਂ ਨਾਲ ਡਟ ਕੇ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਪ੍ਰਭਾਵਿਤ ਇਲਾਕਿਆਂ ਵਿਚ ਬਚਾਅ ਤੇ ਰਾਹਤ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ ਤਾਂ ਜੋ ਲੋਕਾਂ ਦੀ ਦੁੱਖ-ਤਕਲੀਫਾਂ ਘਟਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਇਨ੍ਹਾਂ ਇਲਾਕਿਆਂ ਵਿਚ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।



## ਜਾਗਦੀ ਜ਼ਮੀਰ ਵਾਲੇ ਅਕਾਲੀ ਆਗੂ 'ਬਾਗੀ ਬੀਬੀਆਂ' ਤੋਂ ਸੇਧ ਲੈਣ-ਸੁਖਦੇਵ ਸਿੰਘ ਢੀਂਡਸਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਵਿੱਚ ਮਹਿਲਾ ਆਗੂਆਂ ਦੀ ਬਗਾਵਤ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਦੇ ਹੋਰਨਾਂ ਆਗੂਆਂ ਨੂੰ ਵੀ ਜ਼ਮੀਰ ਮੁਤਾਬਕ ਫੈਸਲੇ ਲੈਣ ਲਈ ਕਿਹਾ ਹੈ। ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਫੈਸਲੇ ਖ਼ਿਲਾਫ਼ ਸਮੂਹਿਕ ਅਸਤੀਫ਼ਾ ਦੇਣ ਵਾਲੀਆਂ ਇਸਤਰੀ ਅਕਾਲੀ ਦਲ ਦੀਆਂ ਬੀਬੀਆਂ ਦੇ ਹੌਸਲੇ ਦੀ ਦਾਦ ਦਿੰਦਿਆਂ ਕਿਹਾ ਕਿ ਜੋ ਕੰਮ ਸ਼੍ਰੋਮਣੀ ਅਕਾਲੀ ਦਲ ਵਿਚ ਮਜਬੂਰ ਹੋਏ ਬੈਠੇ ਵੱਡੇ-ਵੱਡੇ ਆਗੂ ਨਾ ਕਰ ਸਕੇ, ਉਹ ਕੰਮ ਇਨ੍ਹਾਂ ਜੁਝਾਰੂ ਬੀਬੀਆਂ ਨੇ ਕਰ ਦਿਖਾਇਆ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਬਣਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਿੱਚ ਯੋਗਤਾ ਨੂੰ ਇਕ ਪਾਸੇ ਰੱਖ ਕੇ ਸਿਰਫ 'ਜੀ ਹਜ਼ੂਰੀ' ਕਰਨ ਵਾਲਿਆਂ ਨੂੰ ਹੀ ਵੱਡੇ ਅਹੁਦੇ ਦਿੱਤੇ ਜਾਂਦੇ ਹਨ।

## ਮਾਨ ਨੇ ਮਨੀਪੁਰ 'ਚ ਔਰਤਾਂ ਉਤੇ ਜਿਨਸੀ ਹਮਲੇ ਦੀ ਨਿਖੇਧੀ ਕੀਤੀ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਨੀਪੁਰ ਵਿਚ ਦੋ ਔਰਤਾਂ ਉੱਤੇ ਜਿਨਸੀ ਹਮਲੇ 'ਤੇ ਡੂੰਘਾ ਦੁੱਖ ਜ਼ਾਹਰ ਕਰਦੇ ਹੋਏ ਇਸ ਅਣਮਨੁੱਖੀ ਜੁਰਮ ਨੂੰ ਅੰਜ਼ਾਮ ਦੇਣ ਵਾਲਿਆਂ ਨੂੰ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ। ਸ੍ਰੀ ਮਾਨ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਔਰਤਾਂ ਘਿਨਾਉਣੇ ਅਪਰਾਧ ਦਾ ਸ਼ਿਕਾਰ ਹੋਈਆਂ। ਇਹ ਘਟਨਾ ਮੁਲਕ ਦੀ ਜ਼ਮੀਰ 'ਤੇ ਵੱਡਾ ਕਲੰਕ ਹੈ। ਇਸ ਘਟਨਾ ਦੀ ਸਾਰਿਆਂ ਵੱਲੋਂ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਅਪਰਾਧੀ ਕਿਸੇ ਤਰ੍ਹਾਂ ਦੇ ਲਿਹਾਜ਼ ਦੇ ਹੱਕਦਾਰ ਨਹੀਂ ਹਨ ਅਤੇ ਅਜਿਹੇ ਲੋਕਾਂ ਨਾਲ ਦੇਸ਼ ਦੇ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਨਜਿੱਠਿਆ ਜਾਣਾ ਚਾਹੀਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਦੋਸ਼ੀਆਂ ਨੂੰ ਛੇਤੀ ਤੋਂ ਛੇਤੀ ਕਾਨੂੰਨ ਦੇ ਕਟਹਿਰੇ ਵਿਚ ਲਿਆਉਣ ਨੂੰ ਯਕੀਨੀ ਬਣਾਉਣ ਤਾਂ ਜੋ ਪੀੜਤਾਂ ਦੇ ਪਰਿਵਾਰਾਂ, ਸਾਕ-ਸਨੇਹੀਆਂ ਅਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਨੂੰ ਇਨਸਾਫ਼ ਦਿਵਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣੀ ਯਕੀਨੀ ਬਣਾਉਣੀ ਚਾਹੀਦੀ ਹੈ। ਮਨੀਪੁਰ 'ਚ ਸਥਿਤੀ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ ਅਤੇ ਪ੍ਰਧਾਨ ਮੰਤਰੀ ਨੂੰ ਵੀ ਇਸ 'ਤੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਜਿਹੇ ਅਣਮਨੁੱਖੀ ਕਾਰਿਆਂ ਦੀ ਕਿਸੇ ਵੀ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੈ ਅਤੇ ਸਮੁੱਚੇ ਦੇਸ਼ ਨੂੰ ਇਸ ਦੀ ਇੱਕਜੁਟ ਹੋ ਕੇ ਨਿਖੇਧੀ ਕਰਨੀ ਚਾਹੀਦੀ ਹੈ।

## ਅੰਮ੍ਰਿਤਪਾਲ ਸਿੰਘ ਦੀ ਪਤਨੀ ਨੂੰ ਇੰਗਲੈਂਡ ਜਾਣ ਤੋਂ ਮੁੜ ਰੋਕਿਆ

ਅੰਮ੍ਰਿਤਸਰ-'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੇ ਦੱਸਿਆ ਕਿ ਅੱਜ ਉਸ ਨੂੰ ਤੀਜੀ ਵਾਰ ਹਵਾਈ ਅੱਡੇ ਤੋਂ ਮੋੜਿਆ ਗਿਆ ਹੈ ਅਤੇ ਇੰਗਲੈਂਡ ਆਪਣੇ ਘਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਉਹ ਬ੍ਰਿਟਿਸ਼ ਨਾਗਰਿਕ ਹੈ ਅਤੇ ਅੰਮ੍ਰਿਤਪਾਲ ਸਿੰਘ ਨਾਲ ਵਿਆਹ ਵਾਸਤੇ ਭਾਰਤ ਆਈ ਸੀ। ਜਾਣਕਾਰੀ ਅਨੁਸਾਰ ਉਹ ਅੱਜ ਇੰਗਲੈਂਡ ਜਾਣ ਵਾਸਤੇ ਦਿੱਲੀ ਹਵਾਈ ਅੱਡੇ ਗਈ ਸੀ, ਜਿੱਥੋਂ ਉਸ ਨੂੰ ਮੋੜ ਦਿੱਤਾ ਗਿਆ। ਇਸ ਸਬੰਧੀ ਜਾਰੀ ਇੱਕ ਬਿਆਨ ਵਿੱਚ ਕਿਰਨਦੀਪ ਕੌਰ ਨੇ ਦਾਅਵਾ ਕੀਤਾ ਕਿ ਉਸ ਨੂੰ ਇੰਗਲੈਂਡ ਜਾਣ ਤੋਂ ਤੀਜੀ ਵਾਰ ਰੋਕਿਆ ਗਿਆ ਹੈ। ਇਸ ਤੋਂ ਪਹਿਲਾਂ ਉਸ ਨੂੰ ਅਪਰੈਲ ਵਿੱਚ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਇੰਗਲੈਂਡ ਜਾਣ ਵੇਲੇ ਰੋਕ ਦਿੱਤਾ ਗਿਆ ਸੀ। ਉਸ ਨੇ ਦੱਸਿਆ ਕਿ ਠੀਕ ਇਕ ਮਹੀਨਾ ਪਹਿਲਾਂ 14 ਜੁਲਾਈ ਨੂੰ ਉਸ ਨੇ ਇੰਗਲੈਂਡ ਵਾਸਤੇ ਆਪਣੀ ਹਵਾਈ ਟਿਕਟ ਬੁੱਕ ਕਰਵਾਈ ਸੀ। ਉਸ ਨੇ ਦਾਅਵਾ ਕੀਤਾ ਕਿ 14 ਜੁਲਾਈ ਤੱਕ ਉਸ ਨੂੰ ਇਹ ਆਖਿਆ ਗਿਆ ਕਿ ਉਸ ਦੀ ਵਾਪਸੀ ਵਿੱਚ ਕੋਈ ਅੜਿੱਕਾ ਨਹੀਂ ਹੈ ਪਰ ਹਵਾਈ ਅੱਡੇ ਵਿੱਚ ਬੋਰਡਿੰਗ ਤੋਂ ਕੁਝ ਘੰਟੇ ਪਹਿਲਾਂ ਉਸ ਨੂੰ ਜਾਣ ਤੋਂ ਰੋਕ ਦਿੱਤਾ ਗਿਆ। ਉਸ ਨੂੰ 18 ਜੁਲਾਈ ਤੱਕ ਉਡੀਕ ਕਰਨ ਵਾਸਤੇ ਆਖਿਆ ਗਿਆ ਸੀ। ਉਸ ਨੇ ਦੱਸਿਆ ਕਿ ਕਿਸੇ ਵੀ ਵੱਡੇ ਅਧਿਕਾਰੀ ਨੇ ਉਸ ਨਾਲ ਸਪੱਸ਼ਟ ਤੌਰ 'ਤੇ ਕੋਈ ਗੱਲ ਨਹੀਂ ਕੀਤੀ। ਜ਼ਿਲ੍ਹਾ ਦਿਹਾਤੀ ਪੁਲੀਸ ਦੇ ਐੱਸਐੱਸਪੀ ਨੇ ਇਸ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ।

## ਸੋਨੀ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜਿਆ

ਅੰਮ੍ਰਿਤਸਰ-ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਨੂੰ ਅੱਜ 14 ਦਿਨਾਂ ਦੇ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਪੁਲੀਸ ਰਿਮਾਂਡ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਅੱਜ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਸੋਨੀ ਦੇ ਵਕੀਲ ਪਰਦੀਪ ਸੈਣੀ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਪੁਲੀਸ ਰਿਮਾਂਡ 'ਚ ਦੋ ਦਿਨ ਦਾ ਵਾਧਾ ਕਰਨ ਦੀ ਮੰਗ ਕੀਤੀ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਮੰਗ ਰੱਦ ਕਰਦਿਆਂ ਉਨ੍ਹਾਂ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਉਨ੍ਹਾਂ ਸਥਾਨਕ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਸੋਨੀ ਦੀ ਸਿਹਤ ਦੀ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਨਿਆਂਇਕ ਹਿਰਾਸਤ ਦੌਰਾਨ ਕਿਸੇ ਹਸਪਤਾਲ 'ਚ ਰੱਖਿਆ ਜਾਵੇ, ਜਿੱਥੇ ਡਾਕਟਰਾਂ ਦੀ ਨਿਗਰਾਨੀ ਹੇਠ ਉਨ੍ਹਾਂ ਦਾ ਨਿਯਮਤ ਇਲਾਜ ਹੋ ਸਕੇ।



# ਗਿੱਲ ਪਰਿਵਾਰ ਨੂੰ ਸਦਮਾ- ਨਿਰਮਲ ਸਿੰਘ ਗਿੱਲ ਸੁਰਗਵਾਸ



ਸਰੀ-ਸਰੀ ਦੇ ਗਿੱਲ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਿਆ ਜਦੋਂ ਸ. ਨਿਰਮਲ ਸਿੰਘ ਗਿੱਲ 17 ਜੁਲਾਈ 2023 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਪਿਛਲਾ ਪਿੰਡ ਢੁੱਡੀਕੇ ਜ਼ਿਲਾ ਮੋਗਾ ਸੀ। ਉਹ ਤਕਰੀਬਨ 50 ਸਾਲ ਤੋਂ ਪ੍ਰਿੰਸ ਰੂਪਟ (ਕੈਨੇਡਾ) ਰਹੇ ਅਤੇ ਹੁਣ ਸਰੀ ਵਿਚ ਰਹਿ ਰਹੇ ਸਨ। ਉਨ੍ਹਾਂ ਦਾ ਅੰਤਿਮ ਸਸਕਾਰ 24 ਜੁਲਾਈ (ਦਿਨ ਸੋਮਵਾਰ) ਨੂੰ 2.30 ਵਜੇ ਰਿਵਰਸਾਈਡ ਫਿਊਨਰਲ ਹੋਮ (7410 ਹੌਪਕੌਟ ਰੋਡ) ਡੈਲਟਾ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ (15255- 68 ਐਵੀਨਿਊ) ਵਿਖੇ ਹੋਵੇਗੀ। ਪਰਿਵਾਰ ਦੁੱਖ ਸਾਝਾ ਕਰਨ ਲਈ ਫੋਨ ਨੰਬਰ 604-961-1855 ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਜਲੰਧਰ ਤੋਂ ਜਿੱਤੇ ਆਮ ਆਦਮੀ ਪਾਰਟੀ ਦੇ ਰਿੰਕੂ ਨੇ ਲੋਕ ਸਭਾ ਮੈਂਬਰ ਵਜੋਂ ਪੰਜਾਬੀ 'ਚ ਸਹੁੰ ਚੁੱਕੀ



ਨਵੀਂ ਦਿੱਲੀ-ਪੰਜਾਬ 'ਚ ਜਲੰਧਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ 'ਚ ਚੁਣੇ ਗਏ ਆਮ ਆਦਮੀ ਪਾਰਟੀ ਦੇ ਸੁਸ਼ੀਲ ਕੁਮਾਰ ਰਿੰਕੂ ਨੇ ਅੱਜ ਸਦਨ ਦੇ ਮੈਂਬਰ ਵਜੋਂ ਸਹੁੰ ਚੁੱਕੀ। ਲੋਕ ਸਭਾ ਸਪੀਕਰ ਓਮ ਬਿਰਲਾ ਵੱਲੋਂ ਸਦਨ ਦੀ ਕਾਰਵਾਈ ਸ਼ੁਰੂ ਕਰਨ ਦੀ ਹਦਾਇਤ ਤੋਂ ਬਾਅਦ ਅੱਜ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਸ੍ਰੀ ਰਿੰਕੂ ਨੇ ਸਹੁੰ ਚੁੱਕੀ। ਉਨ੍ਹਾਂ ਪੰਜਾਬੀ ਭਾਸ਼ਾ ਵਿੱਚ ਸਹੁੰ ਚੁੱਕੀ।

# ਪੰਜਾਬ ਸਾਹਿਤ ਅਕੈਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ-ਮਿਲਣੀ

ਸਰੀ (ਹਰਦਮ ਮਾਨ)-ਬੀਤੇ ਐਤਵਾਰ ਪੰਜਾਬ ਸਾਹਿਤ ਅਕੈਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਕਰਵਾਈ ਗਈ। ਆਨਲਾਈਨ ਕਰਵਾਈ ਗਈ ਇਸ ਕਾਵਿ-ਮਿਲਣੀ ਵਿਚ ਡਾ. ਹਰਜੀਤ ਸਿੰਘ ਸੱਧਰ ਅਤੇ ਡਾ. ਦਵਿੰਦਰ ਸੈਫੀ ਬਤੌਰ ਮੁੱਖ ਮਹਿਮਾਨ ਅਤੇ ਡਾ. ਜਸਪਾਲ ਸਿੰਘ ਦੇਸੂਵੀ, ਡਾ. ਰਾਕੇਸ਼ ਤਿਲਕ ਰਾਜ, ਡਾ. ਪੁਸ਼ਵਿੰਦਰ ਕੌਰ ਖੋਖਰ ਤੇ ਡਾ. ਸਤਿੰਦਰ ਕੌਰ ਕਾਹਲੋਂ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਪੰਜਾਬ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਨੇ ਹਾਜਰ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਪ੍ਰਧਾਨ ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਅਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦੇ ਇਕ ਗੀਤ ਨਾਲ ਕਾਵਿ ਮਿਲਣੀ ਦਾ ਆਗਾਜ਼ ਕੀਤਾ। ਕਾਵਿ ਮਿਲਣੀ ਦੇ ਸੰਚਾਲਕ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੀਫ਼ ਐਡਵਾਈਜ਼ਰ ਪਿਆਰਾ ਸਿੰਘ ਕੁੱਦੋਵਾਲ ਨੇ ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਅਤੇ ਕਾਵਿ ਮਿਲਣੀ ਵਿਚ ਸ਼ਾਮਲ ਸ਼ਾਇਰ ਹਰਦਮ ਮਾਨ, ਡਾ. ਅਮਨਦੀਪ ਕੌਰ ਬਰਾੜ , ਗੁਰਚਰਨ ਸਿੰਘ ਜੋਗੀ, ਰਾਜ ਲਾਲੀ, ਇਕਬਾਲ ਬਰਾੜ, ਅਮਰਜੀਤ ਪੰਛੀ, ਸੁਖਦੀਪ ਕੌਰ ਬਿਰਧਨੋ, ਪਰਜਿੰਦਰ ਕੌਰ ਕਲੇਰ ਤੇ ਬਲਜਿੰਦਰ ਕੌਰ ਦੀ ਰਸਮੀ ਜਾਣ ਪਹਿਚਾਣ ਕਰਵਾਈ। ਮਹਿਮਾਨ ਕਵੀਆਂ ਨੇ ਆਪਣੀਆਂ ਅਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਸੁਰੀਲੇ ਸੁਰਾਂ ਵਿੱਚ ਪੇਸ਼ ਕੀਤਾ। ਮਹਿਮਾਨ ਕਵੀਆਂ ਤੋਂ ਇਲਾਵਾ ਡਾ. ਦਵਿੰਦਰ ਸੈਫ਼ੀ, ਵਿਜੇਤਾ ਭਾਰਦਵਾਜ, ਲਕਸ਼ਰੀ ਰਾਮ ਜਾਖੂ, ਪਰਮਜੀਤ ਕੌਰ ਜੈਸਵਾਲ, ਇਕਬਾਲ ਸਿੰਘ ਪੁੜੈਣ, ਸੁਰਜੀਤ ਕੌਰ, ਪਿਆਰਾ ਸਿੰਘ ਕੁੱਦੋਵਾਲ ਤੇ ਰਮਿੰਦਰ ਰੰਮੀ ਨੇ ਆਪਣੀਆਂ ਅਤੇ ਸ਼ਿਵ ਕੁਮਾਰ ਦੀਆਂ ਰਚਨਾਵਾਂ ਪੇਸ਼ ਕੀਤੀਆਂ। ਡਾ. ਨੈਬ ਸਿੰਘ ਮੰਡੇਰ ਤੇ ਪੂਨਮ ਸਿੰਘ ਪ੍ਰੀਤਲੜੀ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਕਾਵਿ ਮਿਲਣੀ ਵਿਚ ਕੈਨੇਡਾ ਤੋਂ ਹਰਦਿਆਲ ਸਿੰਘ ਝੀਤਾ, ਨਿਰਵੈਲ ਸਿੰਘ ਅਰੋੜਾ, ਦਲਬੀਰ ਸਿੰਘ ਕਥੂਰੀਆ, ਰਵਿੰਦਰ ਸਿੰਘ ਕੰਗ, ਨਦੀਮ ਅਫ਼ਜ਼ਲ ਤੋਂ ਇਲਾਵਾ ਵੱਖ ਵੱਖ ਦੇਸ਼ਾਂ ਤੋਂ ਉੱਘੀਆਂ ਸ਼ਖ਼ਸੀਅਤਾਂ, ਸਾਹਿਤਕਾਰਾਂ ਅਤੇ ਸ਼ਾਇਰਾਂ ਨੇ ਸ਼ਮੂਲੀਅਤ ਕੀਤੀ। ਅੰਤ ਵਿਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਸਰਪ੍ਰਸਤ ਸੁਰਜੀਤ ਕੌਰ ਨੇ ਕਾਵਿ ਮਿਲਣੀ ਵਿਚ ਸ਼ਾਮਲ ਹੋਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ, ਕਵੀਆਂ ਅਤੇ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।




# ਬੀਰੋਕੇ ਖੁਰਦ 'ਚ ਪਿਓ-ਪੁੱਤ ਨੂੰ ਝਗੜਨ ਤੋਂ ਰੋਕਣ ਗਈ ਗੁਆਂਢਣ ਦੀ ਬਾਲਟੀ ਮਾਰ ਕੇ ਹੱਤਿਆ

ਮਾਨਸਾ-ਇਸ ਜ਼ਿਲ੍ਹੇ ਦੇ ਪਿੰਡ ਬੀਰੋਕੇ ਖੁਰਦ ਵਿੱਚ ਪਿਉਂ-ਪੁੱਤ ਦੇ ਝਗੜੇ ਨੂੰ ਹਟਾਉਣ ਗਈ ਗੁਆਂਢਣ ਦਾ ਬਾਲਟੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਡੀਐੱਸਪੀ ਬੁਢਲਾਡਾ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਬੀਰੋਕੇ ਖੁਰਦ ਦੇ ਗੁਰਤੇਜ ਸਿੰਘ ਦੇ ਘਰ ਪਰਿਵਾਰ 'ਚ ਪਿਓ-ਪੁੱਤ ਦੀ ਝਗੜਾ ਅਤੇ ਬਹਿਸ ਚੱਲ ਰਹੀ ਸੀ, ਜਿਸ ਨੂੰ ਸ਼ਾਂਤ ਕਰਨ ਲਈ ਗੁਆਢ 'ਚੋਂ ਮਿੱਠੂ ਸਿੰਘ ਅਤੇ ਉਸ ਦੀ ਪਤਨੀ ਮਨਜੀਤ ਕੌਰ ਉਨ੍ਹਾਂ ਦੇ ਘਰ ਪਹੁੰਚੇ ਤਾਂ ਬਹਿਸ ਦੌਰਾਨ ਹੀ ਗੁਰਤੇਜ ਸਿੰਘ ਨੇ ਗੁਆਂਢਣ ਮਨਜੀਤ ਕੌਰ ਨੂੰ ਕਿਹਾ ਕਿ ਉਹ ਉਸ ਦੇ ਘਰ ਅੰਦਰ ਜ਼ਿਆਦਾ ਦਖ਼ਲਅੰਦਾਜ਼ੀ ਕਰਦੇ ਆ ਰਹੇ ਹਨ। ਇਸੇ ਦੌਰਾਨ ਉਸ ਨੇ ਮਨਜੀਤ ਕੌਰ ਦੇ ਸਿਰ 'ਚ ਬਾਲਟੀ ਮਾਰ ਦਿੱਤੀ। ਪਰਿਵਾਰਕ ਮੈਂਬਰਾਂ ਵੱਲੋਂ ਮਨਜੀਤ ਕੌਰ (40 ਸਾਲਾਂ) ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਬੁਢਲਾਡਾ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸੇ ਦੌਰਾਨ ਹੀ ਥਾਣਾ ਸਦਰ ਬੁਢਲਾਡਾ ਦੀ ਪੁਲੀਸ ਵੱਲੋਂ ਮ੍ਰਿਤਕ ਦੇ ਪਤੀ ਮਿੱਠੂ ਸਿੰਘ ਦੇ ਬਿਆਨ 'ਤੇ ਗੁਰਤੇਜ ਸਿੰਘ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ।

OASIS WINDOWS INC.
OASIS WINDOWS clearly better windows
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL
Superior Mortgage
Unit 244-8138-128 Street, Surrey
604 507 1000
Our Symbol of Care & Service



MORE EXPOSURE
MEANS MORE BUSINESS
NO NEED TO GO ANYWHERE
Advertise with us!
LINK Leading Indo-Canadian Newspaper
Ph: 604.591.5160
www.thelinkpaper.ca • ads@thelinkpaper.ca


CROWN
FUNDING
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARRY KHOSA
Mortgage Consultant
harpreetfunding@gmail.com
@harpreetfunding
@HARPREETFUNDING
Refer someone to us and get referral fee
Ph: 778.558.9745


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਭਾਰਤ 'ਚੋਂ ਪਹਿਲੇ ਨੰਬਰ 'ਤੇ ਰਹਿਣ ਵਾਲਾ ਪੰਜਾਬ ਅੱਜ 25ਵੇਂ ਸਥਾਨ 'ਤੇ ਆ ਗਿਆ-ਰਾਜਵਿੰਦਰ ਬੈਂਸ

## ਕਾਰਪੋਰੇਟਸ ਇਕੱਲੇ ਭਾਰਤ ਵਿਚ ਹੀ ਨਹੀਂ ਪੱਛਮੀ ਦੁਨੀਆਂ ਵਿਚ ਵੀ ਰਾਜਨੀਤੀ 'ਤੇ ਕਾਬਜ਼

ਸਰੀ (ਹਰਦਮ ਮਾਨ)-ਸਾਊਥ ਏਸ਼ੀਅਨ ਰੀਵਿਊ ਅਤੇ ਜੀਵੇ ਪੰਜਾਬ ਅਦਬੀ ਸੰਗਤ ਵੱਲੋਂ 'ਪੰਜਾਬ ਦੀ ਦਸ਼ਾ ਅਤੇ ਦਿਸ਼ਾ' ਉਪਰ ਕਰਵਾਈ ਜਾ ਰਹੀ ਆਨ-ਲਾਈਨ ਵਿਚਾਰ ਚਰਚਾ ਦੀ ਚੌਥੀ ਲੜੀ ਵਿਚ ਇਸ ਵਾਰ ਪੰਜਾਬ ਦੇ ਸੀਨੀਅਰ ਐਡਵੋਕੇਟ ਅਤੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਸ਼ਖ਼ਸੀਅਤ ਰਾਜਵਿੰਦਰ ਸਿੰਘ ਬੈਂਸ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਮਨੁੱਖੀ ਅਧਿਕਾਰਾਂ ਦੇ ਨਾਲ ਨਾਲ ਪੰਜਾਬ ਦੀ ਮੌਜੂਦਾ ਸਥਿਤੀ, ਭਾਰਤੀ ਆਜ਼ਾਦੀ, ਅੰਗਰੇਜ਼ਾਂ ਤੇ ਮੁਗਲਾਂ ਦੇ ਕਾਲ ਵਿਚ ਇਨਸਾਫ ਦੀ ਹਾਲਤ, ਵਿਕਸਤ ਤਕਨਾਲੋਜੀ, ਵਿਸ਼ਵ ਪੱਧਰ 'ਤੇ ਕਾਰਪੋਰੇਟਸ ਦੇ ਗ਼ਲਬਾ ਅਤੇ ਹੋਰ ਕਈ ਅਹਿਮ ਵਿਸ਼ਿਆਂ ਉਪਰ ਆਪਣੇ ਵਿਚਾਰ ਪੇਸ਼ ਕੀਤੇ। ਇਸ ਚਰਚਾ ਵਿਚ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ ਤੋਂ ਪੰਜਾਬ ਨਾਲ ਸਿਨੇਹ ਰੱਖਣ ਵਾਲੀਆਂ ਕਈ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਵਿਚਾਰ ਚਰਚਾ ਦੇ ਸੰਚਾਲਕ ਨਵਰੂਪ ਸਿੰਘ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਭੁਪਿੰਦਰ ਸਿੰਘ ਮੱਲ੍ਹੀ ਨੇ ਰਾਜਵਿੰਦਰ ਸਿੰਘ ਬੈਂਸ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਨਵਰੂਪ ਸਿੰਘ ਵੱਲੋਂ ਮਨੁੱਖੀ ਅਧਿਕਾਰਾਂ ਸੰਬੰਧੀ ਪੁੱਛੇ ਗਏ ਸਵਾਲ ਤੋਂ ਸੰਵਾਦ ਸ਼ੁਰੂ ਕਰਦਿਆਂ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਅਸਲ ਵਿਚ ਮਨੁੱਖੀ ਅਧਿਕਾਰਾਂ ਦਾ ਸਿੱਧਾ ਜਿਹਾ ਮਤਲਬ ਹੈ ਕਿ ਜੀਹਦੇ ਕੋਲ ਤਾਕਤ ਹੈ ਉਸ ਦੀ ਦੁਰਵਰਤੋਂ ਨੂੰ ਰੋਕਣਾ ਅਤੇ ਜਿਹੜੇ ਤਾਕਤ-ਵਿਹੂਣੇ ਹਨ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰਨਾ। ਪਲੈਟੋ ਦੇ ਸ਼ਬਦਾਂ ਨੂੰ ਪੰਜਾਬੀ ਲਹਿਜ਼ੇ ਵਿਚ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਸੰਤ ਸਿਪਾਹੀ ਨਹੀਂ ਬਣਦਾ ਅਤੇ ਸਿਪਾਹੀ ਸੰਤ ਨਹੀਂ ਬਣ ਜਾਂਦਾ ਉਦੋਂ ਤੱਕ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹੋ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਕੌਮੀਕਰਨ ਦੇ ਨਾਂ 'ਤੇ ਭਾਰਤ ਵਿਚ ਸਭ ਤੋਂ ਜ਼ਿਆਦਾ ਸ਼ੋਸ਼ਣ ਹੋ ਰਿਹਾ ਹੈ ਜਦੋਂ ਕਿ ਮਨੁੱਖੀ ਅਧਿਕਾਰ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਦੇਸ਼, ਧਰਮ, ਕੌਮ ਦੇ ਕਿਸੇ ਵੀ ਕਾਰਜ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਸ਼ਾ ਅਤੇ ਦਿਸ਼ਾ ਦੀ ਗੱਲ ਕਰਦਿਆਂ ਕਿਹਾ ਕਿ ਦਰਅਸਲ ਦਸ਼ਾ ਉਦੋਂ ਹੀ ਖਰਾਬ ਹੁੰਦੀ ਹੈ ਜਦੋਂ ਦਿਸ਼ਾ ਗ਼ਲਤ ਹੋਵੇ। ਇਸ ਸੰਦਰਭ ਵਿਚ ਪੰਜਾਬ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦਿਸ਼ਾ ਤੋਂ ਭਟਕ ਚੁੱਕਾ ਹੈ। ਅੱਜ ਏਥੇ ਸਿੱਖਿਆ, ਸਿਹਤ, ਖੇਡਾਂ, ਰੁਜ਼ਗਾਰ ਦੀ ਗੱਲ ਨਹੀਂ ਅਤੇ ਬੇਅਦਬੀ ਵਰਗੇ ਮਸਲਿਆਂ ਨੇ ਆਮ ਲੋਕਾਂ ਨੂੰ ਉਲਝਾਇਆ ਹੋਇਆ ਹੈ ਜਦੋਂ ਕਿ ਸਮਝਣ ਦੀ ਲੋੜ ਹੈ ਕਿ ਜਿਹੜੀ ਚੀਜ਼ ਅਸੰਵੇਦਨਸ਼ੀਲ ਹੋਵੇ ਉਸ ਦੀ ਬੇਅਦਬੀ ਨਹੀਂ ਹੁੰਦੀ। ਪਰ ਅਫਸੋਸ ਕਿ ਕੁਝ ਲੋਕਾਂ ਨੇ ਹਾਲਾਤ ਇਹ ਬਣਾ ਦਿੱਤੇ ਹਨ ਕਿ ਗ਼ੈਰ ਸਿੱਖ ਲੋਕ ਹੁਣ ਗੁਰਦੁਆਰਿਆਂ ਵਿਚ ਜਾਣ ਤੋਂ ਵੀ ਝਿਜਕਦੇ ਹਨ। ਦਿਸ਼ਾਹੀਣ ਸਦਕਾ ਹੀ ਪੰਜਾਬ ਦੀ ਹਾਲਤ ਇਹ ਬਣ ਗਈ ਹੈ ਕਿ 1971 ਵਿਚ ਖੇਡਾਂ, ਸਿਹਤ, ਸਿੱਖਿਆ ਅਤੇ ਹੋਰ ਕਈ ਖੇਤਰਾਂ ਵਿਚ ਭਾਰਤ ਵਿੱਚੋਂ ਪਹਿਲੇ ਨੰਬਰ 'ਤੇ ਰਹਿਣ ਵਾਲਾ ਪੰਜਾਬ ਅੱਜ 25ਵੇਂ ਸਥਾਨ 'ਤੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਸੋਚਣ ਵਾਲੀ ਗੱਲ ਹੈ ਕਿ ਕਿੱਥੇ ਬਾਬਾ ਨਾਨਕ ਦੀ ਸਰਬ ਸਾਂਝੀਵਾਲਤਾ ਦੀ ਫਿਲਾਸਫੀ ਅਤੇ ਕਿੱਥੇ ਅੱਜ ਅਸੀਂ ਖੜ੍ਹੇ ਹਾਂ ? ਅੰਗਰੇਜ਼ੀ ਰਾਜ ਵੇਲੇ ਇਨਸਾਫ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਨੇ ਲਾਅ ਐਂਡ ਆਰਡਰ ਸਥਾਪਿਤ ਕੀਤਾ ਅਤੇ ਜਿੱਥੇ ਲਾਅ ਐਂਡ ਆਰਡਰ ਹੋਵੇ ਉੱਥੇ ਲੋਕਾਂ ਨੂੰ ਥੋੜ੍ਹਾ ਬਹੁਤ ਇਨਸਾਫ ਮਿਲਦਾ ਹੈ। ਅੰਗਰੇਜ਼ਾਂ ਨੇ 125 ਅਜਿਹੇ ਕਾਨੂੰਨ ਬਣਾਏ ਸਨ ਅਤੇ ਦਲਿਤਾਂ ਨੂੰ ਬਰਾਬਰ ਸਮਝਿਆ। ਅੱਜ ਵੀ ਪੁਰਾਣੇ ਲੋਕ ਗੱਲਾਂ ਕਰਦੇ ਹਨ ਕਿ ਅੰਗਰੇਜ਼ਾਂ ਦੇ ਰਾਜ ਵਿਚ ਕਾਨੂੰਨ ਦਾ ਡਰ ਸੀ ਪਰ ਅੱਜ ਹਾਲਾਤ ਇਹ ਹਨ ਕਿ ਕਤਲ ਕਰਨ ਵਾਲਿਆਂ ਨੂੰ ਵੀ ਕਾਨੂੰਨ ਤੋਂ ਕੋਈ ਡਰ ਨਹੀਂ ਲੱਗਦਾ।

ਭਾਰਤ ਦੇ ਲੋਕਾਂ ਨੂੰ ਮਿਲੀ ਆਜ਼ਾਦੀ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਅਸਲ ਵਿਚ ਭਾਰਤ ਵਿਚ ਸਭ ਨੂੰ ਆਜ਼ਾਦੀ ਅਚਾਨਕ ਮਿਲ ਗਈ, ਔਰਤਾਂ ਨੂੰ ਬਰਾਬਰ ਦੇ ਅਧਿਕਾਰ ਮਿਲ ਗਏ, ਸਭ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਗਿਆ ਜਦੋਂ ਕਿ ਕਈ ਮੁਲਕਾਂ ਦੀਆਂ ਉਦਾਹਰਣਾਂ ਸਾਹਮਣੇ ਹਨ ਕਿ ਉੱਥੋਂ ਦੇ ਲੋਕਾਂ ਨੂੰ ਵੋਟ ਦਾ ਹੱਕ ਹਾਸਲ ਕਰਨ, ਔਰਤਾਂ ਨੂੰ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਲੰਮਾਂ ਸਮਾਂ ਸੰਘਰਸ਼ ਕਰਨਾ ਪਿਆ। ਇਕ ਸਵਾਲ ਦੇ ਜਵਾਬ ਵਿਚ ਸ. ਬੈਂਸ ਨੇ ਕਿਹਾ ਕਿ ਭਾਰਤ ਦਾ ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ ਵਰਗੇ ਦੇਸ਼ਾਂ ਨਾਲ ਮੁਕਾਬਲਾ ਕਰਨਾ ਉੱਕਾ ਹੀ ਗ਼ਲਤ ਹੈ। ਭਾਰਤ ਦੀ ਆਬਾਦੀ ਇਨ੍ਹਾਂ ਨਾਲੋਂ 33 ਗੁਣਾਂ ਵੱਧ ਹੈ। ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਮਰੀਕਾ ਦੀਆਂ ਜੇਲ੍ਹਾਂ ਵਿਚ ਭਾਰਤ ਦੀਆਂ ਜੇਲ੍ਹਾਂ ਨਾਲੋਂ ਦੁੱਗਣੇ ਕੈਦੀ ਹਨ। ਭਾਰਤ ਵਿਚ ਜਿੱਥੇ 50 ਸਾਲ ਪਹਿਲਾਂ ਕਿਸੇ ਵੱਡੇ ਅਫਸਰ, ਲੀਡਰ, ਤਾਕਤਵਰ ਵਿਅਕਤੀ ਵਿਰੁੱਧ ਐਫ.ਆਈ.ਆਰ. ਵੀ ਦਰਜ ਨਹੀਂ ਹੁੰਦੀ ਸੀ ਪਰ ਹੁਣ ਅਸੀਂ ਦੇਖ ਸਕਦੇ ਹਾਂ ਕਿ ਕਿੰਨੇ ਅਫਸਰ, ਲੀਡਰ ਜੇਲ੍ਹਾਂ ਵਿਚ ਸਜ਼ਾ ਭੁਗਤ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੀ ਟੀਮ ਨੇ ਹੀ 35-40 ਪੁਲਿਸ ਅਫਸਰਾਂ ਨੂੰ ਲਾਈਫ-ਟਾਈਮ ਜੇਲ੍ਹ ਦੀ ਸਜ਼ਾ ਕਰਵਾਈ ਹੈ। ਉਨ੍ਹਾਂ ਕਿਹਾ ਕਿ ਕਈ ਸਥਿਤੀਆਂ ਅਜਿਹੀਆਂ ਹੁੰਦੀਆਂ ਹਨ ਕਿ ਕੈਨੇਡਾ, ਫਰਾਂਸ ਅਤੇ ਹੋਰਨਾਂ ਵਿਕਸਤ ਦੇਸ਼ਾਂ ਵਿਚ ਪੁਲਿਸ, ਲੋਕਾਂ ਨਾਲ ਓਹੀ ਵਿਹਾਰ ਕਰਦੀ ਹੈ ਜੋ ਭਾਰਤ ਵਿਚ ਪੁਲਿਸ ਕਰਦੀ ਹੈ। ਸ. ਬੈਂਸ ਅਨੁਸਾਰ ਲੋਕਾਂ ਲਈ ਬੋਲਣ ਦੀ ਆਜ਼ਾਦੀ ਘਟੀ ਨਹੀਂ ਅਤੇ ਨਾ ਹੀ ਲੋਕਾਂ ਵਿਚ ਡਰ ਹੈ। ਬੇਸ਼ੱਕ ਲੋਕਾਂ ਦੀ ਆਜ਼ਾਦੀ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪੁਲਿਸ ਦੀ ਕਾਰਗੁਜ਼ਾਰੀ ਅਤੇ ਅਦਾਲਤਾਂ ਦਾ ਪੱਧਰ ਡਿੱਗ ਰਿਹਾ ਹੈ ਪਰ ਫੇਰ ਵੀ ਅਜਿਹੇ ਕੁਝ ਪੁਲਿਸ ਅਫਸਰ ਹਨ ਜੋ ਆਸ ਬੰਨ੍ਹਾਉਂਦੇ ਹਨ ਕਿ ਸਮਾਂ ਪੈਣ 'ਤੇ ਭਾਰਤ ਵਿਚ ਵੀ ਲਾਅ ਐਂਡ ਆਰਡਰ ਕਾਇਮ ਹੋਵੇਗਾ।

ਭਾਰਤ ਦੀ ਰਾਜਨੀਤੀ ਉਪਰ ਕਾਰਪੋਰੇਟ ਦੇ ਕਾਬਜ਼ ਹੋਣ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਕੱਲੇ ਭਾਰਤ ਵਿਚ ਹੀ ਨਹੀਂ ਪੱਛਮੀ ਦੁਨੀਆਂ ਵਿਚ ਵੀ ਇਹੋ ਹੀ ਹਾਲਤ ਹੈ। ਅਸਲੀਅਤ ਤਾਂ ਇਹ ਹੈ ਕਿ ਕਾਰਪੋਰੇਟਸ ਪੱਛਮ ਤੋਂ ਆ ਰਹੇ ਹਨ। ਬਿੱਲ ਗੇਟਸ ਵਰਗੇ ਵਿਸ਼ਵ ਦੀਆਂ ਸਿਹਤ ਸਕੀਮਾਂ ਘੜ ਰਹੇ ਹਨ। ਇਕ ਸਵਾਲ ਦੇ




SUNNYSANGHA • PERSONALREALESTATECORPORATION

14317 31A AVENUE, SURREY





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

#92 15111 EDMUND DRIVE




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਬੱਚਿਆਂ ਦੇ ਸੁਭਾਅ ਆਪਣੇ ਮਾਂ-ਪਿਓ ਵਰਗੇ ਕਿਉਂ ਨਹੀਂ ਬਣਦੇ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਬੱਚਿਆਂ ਵਿੱਚ ਵਧੀਆ ਸੰਸਕਾਰ ਪੈਦਾ ਕਰਨ ਅਤੇ ਬੱਚਿਆਂ ਦਾ ਚੰਗਾ ਸੁਭਾਅ ਬਣਾਉਣ ਲਈ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਹਰ ਮਾਤਾ-ਪਿਤਾ ਦੀ ਇੱਛਾ ਹੁੰਦੀ ਹੈ ਕਿ ਉਹਨਾਂ ਦੇ ਬੱਚਿਆਂ ਵਿਚ ਉਹੀ ਸੁਭਾਅ ਅਤੇ ਸੰਸਕਾਰ ਆਉਣ, ਜੋ ਉਹਨਾਂ ਦੇ ਆਪਣੇ ਹਨ (ਜਾਂ ਜੋ ਉਹਨਾਂ ਦੀ ਇੱਛਾ ਹੈ)। ਜਿਸ ਤਰ੍ਹਾਂ ਦੇ ਸੰਸਕਾਰ ਦੇ ਕੇ ਆਪਣੇ ਬੱਚਿਆਂ ਦਾ ਸੁਭਾਅ, ਮਾਪੇ ਬਣਾਉਣਾ ਚਾਹੁੰਦੇ ਹਨ; ਉਸਦੇ ਲਈ ਉਹਨਾਂ ਨੂੰ ਉਸੇ ਤਰ੍ਹਾਂ ਦਾ ਵਾਤਾਵਰਣ ਆਪਣੇ ਬੱਚਿਆਂ ਨੂੰ ਦੇਣ ਦੀ ਲੋੜ ਹੈ (ਜੋ ਕਿ ਸੰਭਵ ਨਹੀਂ)। ਠਾਕੁਰ ਜੀ ਨੇ ਮਾਤਾ-ਪਿਤਾ ਨੂੰ, ਆਪਣੇ ਮਨ ਦੀ ਇੱਛਾ-ਪੂਰਤੀ ਲਈ ਕੁਝ ਸੁਝਾਅ ਦਿੰਦਿਆਂ ਕਿਹਾ □ਸੋਚੋ ਅਤੇ ਇਹ ਵਿਚਾਰ ਕਰੋ ਕਿ ਜੋ ਸੰਸਕਾਰ ਤੁਹਾਡੇ ਵਿੱਚ ਆਏ ਹਨ ਜਾਂ ਆਏ ਸਨ; ਉਹ ਕਿੱਥੋਂ ਅਤੇ ਕਿਵੇਂ ਆਏ ਸਨ ? ਜੋ ਤੁਹਾਡਾ ਸੁਭਾਅ ਹੈ, ਉਹ ਕਿਵੇਂ ਬਣਿਆ ਸੀ ? ਜਿਸ ਸਮੇਂ ਤੁਹਾਡੀ ਪੈਦਾਇਸ਼ ਹੋਈ, ਜਿਸ ਮਾਹੌਲ ਵਿੱਚ ਤੁਹਾਡਾ ਪਾਲਣ-ਪੋਸ਼ਣ ਹੋਇਆ; ਤੁਹਾਡੇ ਮਾਤਾ-ਪਿਤਾ ਅਤੇ ਹੋਰ ਸਾਰੇ ਲੋਕਾਂ ਨੇ ਤੁਹਾਨੂੰ 20 ਸਾਲ ਦੀ ਉਮਰ ਤੱਕ ਕੀ-ਕੀ ਸੰਸਕਾਰ ਦਿੱਤੇ ? ਕਿਨ੍ਹਾਂ ਲੋਕਾਂ ਨਾਲ ਤੁਹਾਡੀ ਸੰਗਤ ਹੋਈ ? ਜਿਹੜਾ ਮਾਹੌਲ ਤੁਹਾਨੂੰ ਬਚਪਨ ਅਤੇ ਚੜ੍ਹਦੀ ਜਵਾਨੀ ਵਿੱਚ ਮਿਲਿਆ; ਕੀ ਉਹ ਹੀ ਮਾਹੌਲ ਤੁਹਾਡੇ ਬੱਚਿਆਂ ਨੂੰ ਵੀ ਮਿਲ ਰਿਹਾ ਹੈ ? ਜੇ ਨਹੀਂ ਮਿਲ ਰਿਹਾ; ਤਾਂ ਤੁਸੀਂ ਆਪਣੇ ਬੱਚਿਆਂ ਕੋਲੋਂ, ਆਪਣੇ ਵਰਗੇ ਸੁਭਾਅ, ਸੰਸਕਾਰ ਅਤੇ ਆਦਤਾਂ ਦੀ ਆਸ ਨਹੀਂ ਕਰ ਸਕਦੇ□। ਨਾਮਧਾਰੀ ਮੁਖੀ ਨੇ ਬੱਚਿਆਂ ਦੇ ਮਾਤਾ-ਪਿਤਾ ਨੂੰ ਸਮਝਾਉਂਦਿਆਂ ਇਹ ਵੀ ਕਿਹਾ □ਜੋ ਤੁਹਾਡੇ ਅੱਜ ਦੇ ਜਾਂ ਪੁਰਾਣੇ ਬਚਪਨ ਦੇ ਸੰਸਕਾਰ ਹਨ; ਉਹਦੇ ਪਿੱਛੇ ਬਹੁਤ ਵੱਡੇ-ਵੱਡੇ ਕਾਰਨ ਸਨ ਅਤੇ ਕਾਰਨ ਹਨ, ਜਿਸ ਕਰਕੇ ਅੱਜ ਤੁਹਾਡਾ ਇਕ ਸੁਭਾਅ ਬਣ ਚੁੱਕਾ ਹੈ। ਸਮੱਸਿਆ ਇਹ ਹੈ ਕਿ ਕੋਈ ਵੀ ਇਕ ਜਾਂ ਦਸ-ਵੀਹ ਲੋਕ ਮਿਲ ਕੇ ਵੀ, ਜਿਸ ਤਰ੍ਹਾਂ ਦਾ ਉਹ ਚਾਹੁੰਦੇ ਹਨ; ਉਸੇ ਤਰ੍ਹਾਂ ਦਾ ਵਾਤਾਵਰਣ ਉਹ ਨਹੀਂ ਬਣਾ ਸਕਦੇ ਕਿਉਂਕਿ, ਚਾਰੇ ਪਾਸੇ ਉਸੇ ਤਰ੍ਹਾਂ ਦਾ ਵਾਤਾਵਰਣ ਬੱਚਿਆਂ ਨੂੰ ਬਣਾ ਕੇ ਦੇਣਾ, ਅਤਿਅੰਤ ਕਠਿਨ ਹੀ ਨਹੀਂ; ਅਸੰਭਵ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਬੱਚਿਆਂ ਨੂੰ ਅਜਿਹਾ ਮਾਹੌਲ ਦਿੱਤਾ ਜਾਵੇ, ਜਿਸ ਨਾਲ ਪੂਰਾ ਵਾਤਾਵਰਣ ਹੀ ਬਦਲ ਜਾਏ ਜਾਂ ਬੱਚਿਆਂ ਨੂੰ ਦੂਸਰੇ ਵਾਤਾਵਰਣ ਦੀ ਹਵਾ ਵੀ ਨਾ ਲੱਗੇ; ਤਾਂ ਇਹ ਸੰਭਵ ਨਹੀਂ ਹੈ। ਅੱਜ ਕੱਲ੍ਹ ਟੀ.ਵੀ, ਇੰਟਰਨੈੱਟ, ਮੋਬਾਈਲ ਫੋਨ ਆਦਿ ਨਾਲ ਘਰ ਵਿੱਚ ਹੀ ਅਜਿਹਾ ਵਾਤਾਵਰਣ ਬਣ ਗਿਆ ਹੈ ਕਿ ਬਾਹਰਲੇ ਵਾਤਾਵਰਣ ਤੋਂ ਪ੍ਰਭਾਵਿਤ ਹੋਣ ਦੀ ਲੋੜ ਹੀ ਨਹੀਂ ਰਹਿ ਗਈ□। ਉਨ੍ਹਾਂ ਅੱਗੇ ਕਿਹਾ □ਜੇ ਤੁਹਾਡੇ ਬੱਚੇ, ਤੁਹਾਡੇ ਵਰਗਾ ਸੁਭਾਅ, ਤੁਹਾਡੇ ਵਰਗੇ ਸੰਸਕਾਰ ਨਹੀਂ ਅਪਣਾਉਂਦੇ ਤਾਂ ਤੁਹਾਨੂੰ ਆਪਣੇ ਬੱਚਿਆਂ ਨਾਲ ਬਹੁਤਾ ਨਾਰਾਜ਼ ਨਹੀਂ ਹੋਣਾ ਚਾਹੀਦਾ। ਤੁਹਾਨੂੰ ਇਸ ਕੌੜੇ ਸੱਚ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ ਕਿ ਤੁਹਾਡਾ ਵਾਤਾਵਰਣ ਅਤੇ ਅੱਜ ਦੀ ਨਵੀਂ ਪੀੜ੍ਹੀ ਦਾ ਵਾਤਾਵਰਣ ਅਤੇ ਉਹਨਾਂ ਦੀ ਸੰਗਤ; ਪੂਰੀ ਤਰ੍ਹਾਂ ਅਲੱਗ ਹਨ। ਇਸ ਲਈ, ਸਾਡੇ ਬੱਚਿਆਂ ਦਾ ਸੁਭਾਅ ਸਾਡੇ ਵਰਗਾ ਹੋ ਹੀ ਨਹੀਂ ਸਕਦਾ। ਸਮੇਂ ਅਨੁਸਾਰ ਹੋ ਰਹੇ ਪਰਿਵਰਤਨ ਨੂੰ ਪ੍ਰਵਾਨ ਕਰਦੇ ਹੋਏ: ਆਪਣੇ ਬੱਚਿਆਂ ਨਾਲ ਮਾਤਾ ਪਿਤਾ ਨੂੰ ਜਿੰਨੀ ਸੰਭਵ ਹੋਵੇ, ਬਣਾ ਕੇ ਰੱਖਣੀ ਚਾਹੀਦੀ ਹੈ। ਮਾਤਾ ਪਿਤਾ ਨੂੰ ਆਪਣਾ ਵੀ ਅਜਿਹਾ ਸੁਭਾਅ ਬਣਾਉਣ ਦੀ ਲੋੜ ਹੈ, ਜਿਸ ਤਰ੍ਹਾਂ ਦਾ ਉਹ ਆਪਣੇ ਬੱਚਿਆਂ ਤੋਂ ਚਾਹੁੰਦੇ ਹਨ ਕਿਉਂਕਿ, ਬੱਚੇ ਮਾਤਾ-ਪਿਤਾ ਦੀ ਨਕਲ ਕਰਦੇ ਹਨ।



# ਅੰਡਰਬ੍ਰਿਜ ਵਿਚ ਡੁੱਬਿਆ ਟਰੱਕ 10 ਦਿਨਾਂ ਬਾਅਦ ਕੱਢਿਆ

ਮੋਰਿੰਡਾ-ਮੋਰਿੰਡਾ ਦੇ ਰੇਲਵੇ ਅੰਡਰਬ੍ਰਿਜ ਵਿੱਚ ਪਾਣੀ ਆਉਣ ਕਾਰਨ ਫਸੇ ਟਰੱਕ ਨੂੰ ਦਸ ਦਿਨਾਂ ਮਗਰੋਂ ਅੱਜ ਬੜੀ ਮੁਸ਼ੱਕਤ ਤੋਂ ਬਾਅਦ ਕਰੇਨਾਂ ਦੀ ਮਦਦ ਨਾਲ ਬਾਹਰ ਕੱਢਿਆ ਗਿਆ। ਜਾਣਕਾਰੀ ਮੁਤਾਬਕ ਇਸ ਟਰੱਕ ਵਿੱਚ ਲਗਪਗ 10 ਟਨ ਲੋਹੇ ਦੀਆਂ ਚਾਦਰਾਂ ਸਨ ਜੋ ਕਿ ਲਗਾਤਾਰ 10 ਦਿਨ ਪਾਣੀ ਵਿੱਚ ਡੁੱਬੀਆਂ ਰਹੀਆਂ। ਟਰੱਕ 9 ਜੁਲਾਈ ਨੂੰ ਪਾਣੀ 'ਚ ਡੁੱਬਿਆ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੰਡਰਬ੍ਰਿਜ ਨੇੜਲੇ ਦੁਕਾਨਦਾਰ ਲਖਵੀਰ ਸਿੰਘ ਲਵਲੀ, ਰੋਹਿਤ ਕੁਮਾਰ, ਵਿਨੋਦ ਮਹਿਤਾ, ਨਿਰਦੋਸ਼ ਕੁਮਾਰ ਆਦਿ ਨੇ ਦੱਸਿਆ ਕਿ ਇਸ ਅੰਡਰਬ੍ਰਿਜ ਕਾਰਨ ਮੋਰਿੰਡਾ ਬੱਸ ਸਟੈਂਡ ਦੇ ਨੇੜੇ ਚੰਗੇ-ਭਲੇ ਚੱਲ ਰਹੇ ਕਾਰੋਬਾਰ ਮਗਰਲੇ ਤਿੰਨ ਸਾਲ ਵਿੱਚ ਪੂਰੀ ਤਰ੍ਹਾਂ ਬਰਬਾਦ ਹੋ ਗਏ। ਕਿਉਂਕਿ ਨਾ ਤਾਂ ਇਸ ਪੁਲ ਦੇ ਆਲੇ-ਦੁਆਲੇ ਦੀਆਂ ਸਰਵਿਸ ਸੜਕਾਂ ਮੁਕੰਮਲ ਹੋਈਆਂ ਹਨ ਤੇ ਨਾ ਹੀ ਇਹ ਅੰਡਰਬ੍ਰਿਜ ਠੀਕ ਢੰਗ ਨਾਲ ਚੱਲ ਰਿਹਾ ਹੈ। ਉਲਟਾ ਜਦੋਂ ਕਦੇ ਥੋੜ੍ਹਾ ਜਿਹਾ ਵੀ ਮੀਂਹ ਪੈਂਦਾ ਹੈ ਤਾਂ ਇਹ ਪਾਣੀ ਨਾਲ ਭਰ ਜਾਂਦਾ ਹੈ। ਆਵਾਜਾਈ ਤਾਂ ਬੰਦ ਹੋ ਹੀ ਜਾਂਦੀ ਹੈ, ਉਲਟਾ ਵਾਹਨ ਵਾਲਿਆਂ ਨੂੰ ਆਪਣੀ ਜਾਨ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਉਕਤ ਵਿਅਕਤੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਛੇਤੀ ਤੋਂ ਛੇਤੀ ਇਸ ਅੰਡਰਬ੍ਰਿਜ ਨੂੰ ਠੀਕ ਕੀਤਾ ਜਾਵੇ।



## ...ਰਾਜਵਿੰਦਰ ਬੈਂਸ

ਜਵਾਬ ਵਿਚ ਉਨ੍ਹਾਂ ਆਖਿਆ ਕਿ ਕਿਸਾਨ ਅੰਦੋਲਨ ਨੇ ਭਾਰਤ ਦੇ ਲੋਕਾਂ ਸਾਹਮਣੇ ਕਾਰਪੋਰੇਟਸ ਦਾ ਚਿਹਰਾ ਮੁਹਰਾ ਨੰਗਾ ਕਰ ਦਿੱਤਾ ਹੈ। ਕਿਸਾਨ ਅੰਦੋਲਨ ਨੇ ਸਹੀ ਮਾਅਨਿਆਂ ਵਿਚ ਪੰਜਾਬ ਦੇ ਸੱਭਿਆਚਾਰ, ਭਾਈਚਾਰੇ, ਸਦਭਾਵਨਾ ਨੂੰ ਮੁੜ ਜ਼ਿੰਦਾ ਕਰ ਦਿਖਾਇਆ ਹੈ।

ਯੂਨੀਫਾਰਮ ਸਿਵਲ ਕੋਡ (ਯੂ.ਸੀ.ਸੀ.) ਬਾਰੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਤਾਂ ਪਹਿਲਾਂ ਹੀ ਭਾਰਤ ਵਿਚ ਲਾਗੂ ਹੈ ਅਤੇ ਇਸ ਦਾ ਸਿੱਖਾਂ, ਮੁਸਲਮਾਨਾਂ ਜਾਂ ਹੋਰ ਘੱਟ ਗਿਣਤੀ ਲੋਕਾਂ ਉਪਰ ਅਮਲੀ ਰੂਪ ਵਿਚ ਕੋਈ ਫਰਕ ਨਹੀਂ ਪੈਣਾ। ਇਹ ਵੱਖ ਵੱਖ ਫਿਰਕਿਆਂ ਵਿਚ ਇਕ ਜ਼ਹਿਰ ਘੋਲਣ ਦੀ ਰਾਜਨੀਤਕ ਚਾਲ ਹੈ ਜੋ ਅਗਲੇ ਸਾਲ ਆ ਰਹੀਆਂ ਚੋਣਾਂ ਹਥਿਆਉਣ ਲਈ ਚੱਲੀ ਗਈ ਹੈ।

ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕਾਂ ਦੀ ਗੱਲ ਕਰਦਿਆਂ ਐਡਵੋਕੇਟ ਬੈਂਸ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੇ ਲੋਕ ਜਦੋਂ ਇਕ ਦੂਜੇ ਦੇ ਦੇਸ਼ ਵਿਚ ਜਾਂਦੇ ਹਨ ਤਾਂ ਲੀਡਰਾਂ ਵੱਲੋਂ ਪੇਸ਼ ਕੀਤੇ ਜਾਂਦੀ ਤਸਵੀਰ ਸਭ ਝੂਠੀ ਦਿਸਦੀ ਹੈ। ਦੋਹਾਂ ਪੰਜਾਬਾਂ ਦੇ ਲੋਕ ਵਿਚ ਆਪਸ ਵਿਚ ਮੋਹ-ਪਿਆਰ ਅਤੇ ਚਾਅ ਨਾਲ ਮਿਲਦੇ ਹਨ ਅਤੇ ਇਕ ਦੂਜੇ ਪ੍ਰਤੀ ਬੇਹੱਦ ਸੇਵਾ-ਭਾਵਨਾ ਰੱਖਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਲਾ ਬਾਰਡਰ ਖੁੱਲ੍ਹਣ, ਦੋਹਾਂ ਦੇਸ਼ਾਂ ਵਿਚ ਵਿਉਪਾਰ ਸ਼ੁਰੂ ਹੋਣ ਅਤੇ ਆਉਣ ਜਾਣ ਦੀ ਖੁੱਲ੍ਹ ਮਿਲਣ ਨਾਲ ਹੀ ਪੰਜਾਬ ਦੀ ਖੁਸ਼ਹਾਲੀ ਸੰਭਵ ਹਸ ਸਕਦੀ ਹੈ।

ਇਸ ਵਿਚਾਰ ਚਰਚਾ ਵਿਚ ਨਵਨੀਤ ਕੌਰ, ਦਲਵਿੰਦਰ ਅਟਵਾਲ, ਡਾ. ਸੁਖਵਿੰਦਰ ਵਿਰਕ, ਭੁਪਿੰਦਰ ਮੱਲ੍ਹੀ, ਸਲਵਿੰਦਰ ਢਿੱਲੋਂ, ਨਿਰਦੋਸ਼, ਪ੍ਰਭਜੋਤ ਪਰਮਾਰ, ਅੱਬਾਸ, ਅਮਰੀਕ ਸਿੰਘ, ਰਵਿੰਦਰ ਸ਼ਰਮਾ, ਡਾ. ਸ਼ਬਨਮ ਮੱਲ੍ਹੀ ਅਤੇ ਹੋਰ ਕਈ ਸ਼ਖ਼ਸੀਅਤਾਂ ਨੇ ਸਵਾਲਾਂ ਰਾਹੀਂ ਵਿਚਾਰ ਚਰਚਾ ਨੂੰ ਅੱਗੇ ਵਧਾਇਆ। ਵਿਚਾਰ ਚਰਚਾ ਵਿਚ ਹੋਰਨਾਂ ਤੋਂ ਇਲਾਵਾ ਡਾ. ਗਿਆਨ ਸਿੰਘ, ਡਾ. ਜਗਜੀਤ ਸਿੰਘ, ਜਸਵਿੰਦਰ ਮਿਨਹਾਸ, ਅਜਮੇਰ ਸਿੱਧੂ, ਅਮਰਜੀਤ ਜੋਸ਼ੀ, ਸ਼ਬੀਰ ਜੀ, ਅਸ਼ੋਕ ਭਾਰਗਵ, ਬੂਟਾ ਸਿੰਘ, ਵੱਕਾਰ ਸਿਪਰਾ, ਬਲਜਿੰਦਰ ਬੂਰਾ, ਡਾ. ਸੰਦੀਪ ਸੈਣੀ, ਲਾਲ ਸਿੰਘ, ਗੁਰਦਾਸ ਢਡਵਾਲ, ਗੁਰਪ੍ਰੀਤ ਕੌਰ, ਗੁਰਮੀਤ ਸਿੰਘ, ਨਿੱਕੀ ਜੰਡੂ, ਸੁੱਚਾ ਦੀਪਕ, ਸਲਵਿੰਦਰ ਢਿੱਲੋਂ, ਡਾ. ਚਰਨਜੀਤ, ਅਮਰਜੀਤ ਢਿੱਲੋਂ, ਪੀਟਰ ਬੈਂਸ, ਅਰਮਿਤਾ ਕਮਲ, ਹਰਦਮ ਸਿੰਘ ਮਾਨ, ਚਰਨਜੀਤ ਕੌਰ, ਰਾਜਿੰਦਰ ਸਿੰਘ ਗਿੱਲ, ਪਰਮੇਸ਼ਰ, ਦੇਸ ਰਾਜ ਛਾਜਲੀ, ਗੁਰਨਾਮ ਢਿੱਲੋਂ ਅਤੇ ਗੁਰਵਿੰਦਰ ਸਿੰਘ ਨੇ ਹਾਜਰੀ ਲੁਆਈ।








# ਯੂਬਾ ਸਿਟੀ ਬ੍ਰਦਰਜ਼ ਦੀ ਟੀਮ ਨੇ ਫੀਲਡ ਹਾਕੀ ਦਾ ਕੈਨੇਡਾ ਕੱਪ 2023 ਚੁੰਮਿਆਂ

## ਲੜਕੀਆਂ ਦੇ ਮੁਕਾਬਲੇ ਵਿਚ ਬੀਸੀ ਵ੍ਹਾਈਟ ਦੀ ਟੀਮ ਨੇ ਕੈਨੇਡਾ ਕੱਪ ਆਪਣੇ ਨਾਂ ਕੀਤਾ

ਸਰੀ (ਹਰਦਮ ਮਾਨ)-ਵੈਸਟ ਕੋਸਟ ਕਿੰਗਜ਼ ਫ਼ੀਲਡ ਹਾਕੀ ਸੁਸਾਇਟੀ ਵੱਲੋਂ ਸਰੀ ਦੇ ਟੈਮੈਨਵਸ ਪਾਰਕ ਵਿਚ ਸਾਲਾਨਾ ਕੈਨੇਡਾ ਕੱਪ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਲਗਾਤਾਰ ਤਿੰਨ ਦਿਨ ਚੱਲੇ ਇਸ ਟੂਰਨਾਮੈਂਟ ਵਿਚ ਉਤਰੀ ਅਮਰੀਕਾ 'ਚੋਂ ਚੋਟੀ ਦੀਆਂ 40 ਦੇ ਕਰੀਬ ਟੀਮਾਂ ਨੇ ਹਿੱਸਾ ਲਿਆ। ਟੂਰਨਾਮੈਂਟ ਦਾ ਉਦਘਾਟਨ ਸਰੀ ਸਿਟੀ ਦੀ ਮੇਅਰ ਬਰੈਂਡਾ ਲੌਕ ਅਤੇ ਸਰੀ ਸੈਂਟਰਲ ਦੇ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਨੇ ਕੀਤਾ। ਇਸ ਮੌਕੇ ਸ਼ਹਿਰ ਦੀਆਂ ਕਈ ਅਹਿਮ ਸ਼ਖ਼ਸੀਅਤਾਂ ਅਤੇ ਵੈਸਟ ਕੋਸਟ ਕਿੰਗਜ਼ ਫ਼ੀਲਡ ਹਾਕੀ ਸੁਸਾਇਟੀ ਦੇ ਮੈਂਬਰ ਮੌਜੂਦ ਸਨ।



ਆਪਣੀ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਬੀਸੀ ਵ੍ਹਾਈਟ ਅਤੇ ਵੈਸਟ ਕੋਸਟ ਕਲੱਬ ਦੀਆਂ ਟੀਮਾਂ ਲੜਕੀਆਂ ਦੇ ਫਾਈਨਲ ਮੁਕਾਬਲੇ ਵਿਚ ਪੁੱਜੀਆਂ। ਫਾਈਨਲ ਦਾ ਇਹ ਬਹੁਤ ਹੀ ਦਿਲਚਸਪ ਰਿਹਾ ਅਤੇ ਇਸ ਵਿਚ ਬੀਸੀ ਵ੍ਹਾਈਟ ਦੀ ਟੀਮ ਨੇ ਜਿੱਤ ਪ੍ਰਾਪਤ ਕਰਕੇ ਕੈਨੇਡਾ ਕੱਪ ਨੂੰ ਚੁੰਮਿਆਂ। ਲੜਕਿਆਂ ਦੇ ਫਾਈਨਲ ਮੁਕਾਬਲੇ ਵਿਚ ਯੂਬਾ ਸਿਟੀ ਬ੍ਰਦਰਜ਼ (ਅਮਰੀਕਾ) ਅਤੇ ਵੈਸਟ ਕੋਸਟ ਕਿੰਗਜ਼ ਕਲੱਬ ਕੈਨੇਡਾ ਦੀਆਂ ਟੀਮਾਂ ਦਾਖ਼ਲ ਹੋਈਆਂ। ਇਸ ਬਹੁਤ ਹੀ ਫਸਵੇਂ ਅਤੇ ਬੇਹੱਦ ਰੌਚਕ ਮੁਕਾਬਲੇ ਵਿਚ ਦੋਹਾਂ ਟੀਮਾਂ ਦੇ ਖਿਡਾਰੀਆਂ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ। ਅੰਤ ਯੂਬਾ ਸਿਟੀ ਬ੍ਰਦਰਜ਼ ਦੀ ਟੀਮ ਨੇ 4-2 ਨਾਲ ਵੈਸਟ ਕੋਸਟ ਕਿੰਗਜ਼ ਕਲੱਬ ਦੀ ਟੀਮ ਨੂੰ ਮਾਤ ਦੇ ਕੇ ਕੈਨੇਡਾ ਕੱਪ ਆਪਣੇ ਨਾਂ ਕਰ ਲਿਆ। ਲੜਕੀਆਂ ਦੀ ਜੇਤੂ ਟੀਮ ਨੂੰ ਕੈਨੇਡਾ ਕੱਪ ਅਤੇ 2,000 ਡਾਲਰ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਅਤੇ ਲੜਕਿਆਂ ਦੀ ਜੇਤੂ ਟੀਮ ਨੂੰ ਕੈਨੇਡਾ ਕੱਪ ਅਤੇ 10,000 ਡਾਲਰ ਪ੍ਰਦਾਨ ਕੀਤੇ ਗਏ। ਬਾਕੀ ਮੁਕਾਬਲਿਆਂ ਵਿਚ ਜੇਤੂ ਅਤੇ ਉਪ ਜੇਤੂ ਰਹਿਣ ਵਾਲੀਆਂ ਟੀਮਾਂ ਨੂੰ ਇਨਾਮ ਅਤੇ ਮੈਡਲ ਪ੍ਰਦਾਨ ਕੀਤੇ ਗਏ। ਹਾਕੀ ਮੈਚਾਂ ਦੀ ਕੁਮੈਂਟਰੀ ਡੈਲਾਸ ਤੋਂ ਸਾਬਕਾ ਕੌਮਾਂਤਰੀ ਹਾਕੀ ਖਿਡਾਰੀ ਅਮਰਜੀਤ ਢਿੱਲੋਂ ਅਤੇ ਡਾ. ਸੁੱਖ ਕਾਹਲੋਂ ਨੇ ਕੀਤੀ। ਫਾਈਨਲ ਮੈਚ ਦੀਆਂ ਟੀਮਾਂ ਨਾਲ ਜਾਣ ਪਛਾਣ ਕਰ ਸਮੇਂ ਬੀਸੀ ਲਿਬਰਲ ਯੂਨਾਈਟਿਡ ਦੇ ਪ੍ਰਧਾਨ ਕੈਵਿਨ ਫਾਲਕਨ ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਕਲੱਬ ਦੇ ਪ੍ਰਬੰਧਕਾਂ ਨੂੰ ਇਸ ਸ਼ਾਨਦਾਰ ਟੂਰਨਾਮੈਂਟ ਲਈ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਸਾਰੀਆਂ ਟੀਮਾਂ ਨੇ ਸਖ਼ਤ ਮਿਹਨਤ, ਸਮਰਪਣ ਅਤੇ ਵਚਨਬੱਧਤਾ ਨਾਲ ਟੂਰਨਾਮੈਂਟ ਵਿਚ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਸਾਨੂੰ ਇਹਨਾਂ ਸਾਰੇ ਨੌਜਵਾਨ ਖਿਡਾਰੀਆਂ 'ਤੇ ਬਹੁਤ ਮਾਣ ਹੈ। ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੋਸਾਇਟੀ ਦੇ ਆਗੂ ਊਧਮ ਸਿੰਘ ਹੁੰਦਲ ਨੇ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਸਾਰੇ ਖਿਡਾਰੀਆਂ, ਟੀਮਾਂ, ਸਪਾਸਰਾਂ, ਸਹਿਯੋਗੀਆਂ ਅਤੇ ਸੋਸਾਇਟੀ ਮੈਂਬਰਾਂ ਦਾ ਧੰਨਵਾਦ ਕੀਤਾ। ਤਿੰਨੇ ਦਿਨ ਹਾਕੀ ਦੇ ਸ਼ੌਕੀਨ ਸੈਂਕੜੇ ਦਰਸ਼ਕਾਂ ਨੇ ਬਿਹਤਰ ਫ਼ੀਲਡ ਹਾਕੀ ਦਾ ਆਨੰਦ ਮਾਣਿਆਂ। ਪ੍ਰਬੰਧਕਾਂ ਵੱਲੋਂ ਦਰਸ਼ਕਾਂ ਦੇ ਬੈਠਣ ਦਾ ਵਿਸ਼ੇਸ਼ ਪ੍ਰਬੰਧ ਵੀ ਕੀਤਾ ਗਿਆ ਅਤੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵੱਲੋਂ ਤਿੰਨੇ ਦਿਨ ਅਤੁੱਟ ਲੰਗਰ ਵਰਤਾਇਆ ਗਿਆ।



# ਬੱਚਿਆਂ ਨੂੰ ਕੁਦਰਤ ਨਾਲ ਜੋੜ ਕੇ ਸਿੱਖਿਆ ਪ੍ਰਦਾਨ ਕਰਨ ਦਾ ਨਿਵੇਕਲਾ ਉਪਰਾਲਾ

ਗੁਰਿੰਦਰ ਸਿੰਘ/98761-10313

ਤੁਰਕੀ ਦੇ ਸੁੰਦਰ ਲੈਂਡਸਕੇਪਾਂ ਵਿੱਚ ਸਥਿਤ, ਨਿਹਾਨ ਇਚੀ ਫੋਰੈਸਟ ਸਕੂਲ ਇੱਕ ਮਿਸਾਲੀ ਵਿਦਿਅਕ ਸੰਸਥਾ ਵਜੋਂ ਖੜ੍ਹਾ ਹੈ ਜੋ ਸਿੱਖਣ ਦੀ ਪ੍ਰਕਿਰਿਆ ਵਿੱਚ ਕੁਦਰਤ ਦੇ ਅਜੂਬਿਆਂ ਨੂੰ ਇਕਸੁਰਤਾ ਨਾਲ ਜੋੜਦਾ ਹੈ। ਇਸ ਪਰਿਵਰਤਨਸ਼ੀਲ ਅਨੁਭਵ ਦੇ ਕੇਂਦਰ ਵਿੱਚ ਅੰਬਰ ਨਾਮ ਦਾ ਇੱਕ ਕਮਾਲ ਦਾ ਅਧਿਆਪਕ ਹੈ, ਜੋ ਭਾਰਤ ਦੀ ਮਨਮੋਹਕ ਧਰਤੀ ਤੋਂ ਹੈ। ਇਕੱਠੇ ਮਿਲ ਕੇ, ਉਹ ਬੱਚਿਆਂ ਅਤੇ ਉਹਨਾਂ ਦੇ ਆਲੇ ਦੁਆਲੇ ਦੇ ਮਨਮੋਹਕ ਉਜਾੜ ਵਿਚਕਾਰ ਡੂੰਘੇ ਸਬੰਧ ਨੂੰ ਵਧਾ ਕੇ ਰਵਾਇਤੀ ਸਿੱਖਿਆ ਵਿੱਚ ਕ੍ਰਾਂਤੀ ਲਿਆ ਰਹੇ ਹਨ। ਨਿਹਾਨ ਇਚੀ ਫੋਰੈਸਟ ਸਕੂਲ ਕੁਦਰਤੀ ਵਾਤਾਵਰਣ ਨੂੰ ਸਿੱਖਿਆ ਦੇ ਮੋਹਰੀ ਸਥਾਨ 'ਤੇ ਰੱਖਦੇ ਹੋਏ, ਅਨੁਭਵੀ ਸਿੱਖਣ ਦੇ ਸੰਕਲਪ ਨੂੰ ਗ੍ਰਹਿਣ ਕਰਦਾ ਹੈ। ਸਕੂਲ ਦੇ ਸੁੰਦਰ ਮਾਹੌਲ ਦੇ ਅੰਦਰ, ਬੱਚੇ ਹੱਥੀਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ, ਆਪਣੇ ਆਪ ਨੂੰ ਜੰਗਲ ਦੇ ਅਜੂਬਿਆਂ ਵਿੱਚ ਲੀਨ ਕਰਦੇ ਹਨ ਅਤੇ ਕੀਮਤੀ ਜੀਵਨ ਹੁਨਰ ਪ੍ਰਾਪਤ ਕਰਦੇ ਹਨ। ਪੱਤਿਆਂ ਦੀ ਕੋਮਲ ਗੂੰਜ, ਪੰਛੀਆਂ ਦੇ ਸੁਰੀਲੇ ਗੀਤਾਂ, ਅਤੇ ਕੁਦਰਤ ਦੇ ਸ਼ਾਂਤਮਈ ਗਲੇ ਨਾਲ ਘਿਰੇ, ਵਿਦਿਆਰਥੀ ਸਵੈ-ਖੋਜ ਦੀ ਇੱਕ ਪਰਿਵਰਤਨਸ਼ੀਲ ਯਾਤਰਾ ਦੀ ਸ਼ੁਰੂਆਤ ਕਰਦੇ ਹਨ ਜੋ ਰਵਾਇਤੀ ਕਲਾਸਰੂਮ ਦੀਆਂ ਕੰਧਾਂ ਦੀਆਂ ਸੀਮਾਵਾਂ ਤੋਂ ਪਾਰ ਹੁੰਦਾ ਹੈ।

ਅੰਬਰ, ਭਾਰਤ ਦੀ ਇੱਕ ਜੋਸ਼ੀਲਾ ਸਿੱਖਿਅਕ, ਨੇ ਤੁਰਕੀ ਦੇ ਨਿਹਾਨ ਇਚੀ ਫੋਰੈਸਟ ਸਕੂਲ ਵਿੱਚ ਆਪਣਾ ਸੱਚਾ ਕਾਲ ਪਾਇਆ। ਸੰਪੂਰਨ ਸਿੱਖਿਆ ਲਈ ਉਸਦੇ ਪਿਆਰ ਦੁਆਰਾ ਖਿੱਚੇ ਗਏ ਅਤੇ ਬਾਲ ਮਨੋਵਿਗਿਆਨ ਵਿੱਚ ਇੱਕ ਪਿਛੋਕੜ ਨਾਲ ਲੈਸ, ਅੰਬਰ ਨੇ ਆਪਣੀ ਮੁਹਾਰਤ ਨੂੰ ਸਾਂਝਾ ਕਰਨ ਅਤੇ ਇੱਕ ਨਵੇਂ ਦਰਸ਼ਕਾਂ ਨੂੰ ਫੋਰੈਸਟ ਸਕੂਲ ਦੇ ਫਲਸਫੇ ਨੂੰ ਪੇਸ਼ ਕਰਨ ਲਈ ਇੱਕ ਮਿਸ਼ਨ ਸ਼ੁਰੂ ਕੀਤਾ। ਉਸਦੀ ਅਧਿਆਪਨ ਸ਼ਕਤੀ ਅਤੇ ਸਕੂਲ ਦੇ ਨਵੀਨਤਾਕਾਰੀ ਵਾਤਾਵਰਣ ਦੇ ਵਿਚਕਾਰ ਮਿਲਾਪ ਨੇ ਇੱਕ ਸਹਿਜੀਵ ਸਬੰਧ ਬਣਾਇਆ ਹੈ ਜੋ ਵਿਦਿਆਰਥੀਆਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਜੰਗਲਾਤ ਸਕੂਲ ਦੇ ਅਧਿਆਪਕ ਵਜੋਂ, ਅੰਬਰ ਦੇ ਦਿਨ ਖੋਜ, ਸਾਹਸ, ਅਤੇ ਉਸ ਦੇ ਨੌਜਵਾਨ ਸਿਖਿਆਰਥੀਆਂ ਦੀ ਪੈਦਾਇਸ਼ੀ ਉਤਸੁਕਤਾ ਦਾ ਪਾਲਣ ਪੋਸ਼ਣ ਨਾਲ ਭਰੇ ਹੋਏ ਹਨ। ਅਟੁੱਟ ਉਤਸ਼ਾਹ ਦੇ ਨਾਲ, ਉਹ ਉਹਨਾਂ ਨੂੰ ਰਚਨਾਤਮਕਤਾ, ਸਮੱਸਿਆ-ਹੱਲ ਕਰਨ, ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੀਆਂ ਗਈਆਂ ਗਤੀਵਿਧੀਆਂ ਦੀ ਇੱਕ ਵਿਭਿੰਨ ਸ਼੍ਰੇਣੀ ਦੁਆਰਾ ਮਾਰਗਦਰਸ਼ਨ ਕਰਦਾ ਹੈ। ਸਥਾਨਕ ਬਨਸਪਤੀ ਅਤੇ ਜੀਵ-ਜੰਤੂਆਂ ਦੀ ਪਛਾਣ ਕਰਨ ਤੋਂ ਲੈ ਕੇ ਅਸਥਾਈ ਪਨਾਹਗਾਹਾਂ ਦਾ ਨਿਰਮਾਣ ਕਰਨ ਤੱਕ, ਬੱਚੇ ਸਰਗਰਮੀ ਨਾਲ ਆਪਣੇ ਆਲੇ-ਦੁਆਲੇ ਦੇ ਨਾਲ ਜੁੜਦੇ ਹਨ, ਸੁਤੰਤਰਤਾ ਅਤੇ ਸਵੈ-ਭਰੋਸੇ ਦੀ ਭਾਵਨਾ ਪੈਦਾ ਕਰਦੇ ਹਨ। ਜੰਗਲ ਦੇ ਗਲੇ ਦੇ ਅੰਦਰ, ਗਿਆਨ ਦਾ ਖਜ਼ਾਨਾ ਵਿਦਿਆਰਥੀਆਂ ਦੀ ਉਡੀਕ ਕਰ ਰਿਹਾ ਹੈ। ਉਹ ਵਾਤਾਵਰਣ ਦੀ ਸਥਿਰਤਾ ਦੀ ਡੂੰਘੀ ਸਮਝ ਪ੍ਰਾਪਤ ਕਰਦੇ ਹਨ, ਪਰਿਆਵਰਣ ਪ੍ਰਣਾਲੀਆਂ ਦੀ ਆਪਸੀ ਤਾਲਮੇਲ ਅਤੇ ਵਾਤਾਵਰਣ ਸੰਭਾਲ ਦੇ ਮਹੱਤਵ ਨੂੰ ਖੁਦ ਗਵਾਹੀ ਦਿੰਦੇ ਹਨ। ਕੁਦਰਤੀ ਸੰਸਾਰ ਦੇ ਨਾਲ ਇੱਕ ਡੂੰਘਾ ਬੰਧਨ ਬਣਾ ਕੇ, ਇਹ ਨੌਜਵਾਨ ਦਿਮਾਗ ਸਾਡੇ ਗ੍ਰਹਿ ਲਈ ਭਾਵੁਕ ਰਾਜਦੂਤ ਬਣ ਜਾਂਦੇ ਹਨ, ਜੋ ਉਹ ਅਣਮੁੱਲੇ ਸਬਕ ਉਹ ਆਪਣੇ ਭਵਿੱਖ ਦੇ ਯਤਨਾਂ ਵਿੱਚ ਸਿੱਖਦੇ ਹਨ।

ਤੁਰਕੀ ਵਿੱਚ ਨਿਹਾਨ ਇਚੀ ਫੋਰੈਸਟ ਸਕੂਲ ਦਾ ਸਥਾਨ ਇਸਦੀ ਸੱਭਿਆਚਾਰਕ ਅਮੀਰੀ ਅਤੇ ਵਿਭਿੰਨਤਾ ਨੂੰ ਵਧਾਉਂਦਾ ਹੈ। ਭਾਰਤ ਤੋਂ ਅੰਬਰ ਦੀ ਮੌਜੂਦਗੀ ਦੇ ਨਾਲ, ਸਕੂਲ ਅੰਤਰ-ਸੱਭਿਆਚਾਰਕ ਅਦਾਨ-ਪ੍ਰਦਾਨ ਦੀ ਇੱਕ ਜੀਵੰਤ ਟੇਪਸਟਰੀ ਬਣ ਜਾਂਦਾ ਹੈ, ਜਿੱਥੇ ਇੱਕ ਗਤੀਸ਼ੀਲ ਵਿਦਿਅਕ ਮਾਹੌਲ ਬਣਾਉਣ ਲਈ ਵੱਖ-ਵੱਖ ਦ੍ਰਿਸ਼ਟੀਕੋਣ ਮਿਲ ਜਾਂਦੇ ਹਨ। ਵਿਦਿਆਰਥੀ ਇਸ ਗਲੋਬਲ ਪਰਸਪਰ ਪ੍ਰਭਾਵ ਤੋਂ ਲਾਭ ਉਠਾਉਂਦੇ ਹਨ, ਆਪਣੇ ਦੂਰੀ ਨੂੰ ਵਿਸਤਾਰ ਕਰਦੇ ਹਨ ਅਤੇ ਵਧਦੀ ਹੋਈ ਆਪਸ ਵਿੱਚ ਜੁੜੇ ਸੰਸਾਰ ਵਿੱਚ ਏਕਤਾ ਅਤੇ ਸਹਿਯੋਗ ਲਈ ਪ੍ਰਸ਼ੰਸਾ ਨੂੰ ਉਤਸ਼ਾਹਿਤ ਕਰਦੇ ਹਨ।

ਨਿਹਾਨ ਇਚੀ ਫੋਰੈਸਟ ਸਕੂਲ ਦਾ ਪ੍ਰਭਾਵ ਇਸਦੀਆਂ ਭੌਤਿਕ ਸੀਮਾਵਾਂ ਦੀ ਸੀਮਾ ਤੋਂ ਪਾਰ ਹੈ। ਕੁਦਰਤ ਨਾਲ ਬੱਚਿਆਂ ਦਾ ਡੂੰਘਾ ਸਬੰਧ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਅਧਿਐਨ ਲਗਾਤਾਰ ਇਹ ਦਰਸਾਉਂਦੇ ਹਨ ਕਿ ਕੁਦਰਤੀ ਮਾਹੌਲ ਵਿੱਚ ਸਮਾਂ ਬਿਤਾਉਣਾ ਬੋਧਾਤਮਕ ਯੋਗਤਾਵਾਂ ਨੂੰ ਵਧਾਉਂਦਾ ਹੈ, ਤਣਾਅ ਘਟਾਉਂਦਾ ਹੈ, ਅਤੇ ਭਾਵਨਾਤਮਕ ਲਚਕੀਲੇਪਣ ਨੂੰ ਉਤਸ਼ਾਹਿਤ ਕਰਦਾ ਹੈ। ਜੰਗਲਾਤ ਸਕੂਲ ਵਿੱਚ ਆਪਣੇ ਤਜ਼ਰਬਿਆਂ ਰਾਹੀਂ, ਇਹ ਬੱਚੇ ਕੁਦਰਤੀ ਸੰਸਾਰ ਲਈ ਡੂੰਘਾ ਪਿਆਰ ਅਤੇ ਸਾਡੀ ਧਰਤੀ ਦੀ ਕੀਮਤੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ।

ਟੈਕਨੋਲੋਜੀ ਦੇ ਦਬਦਬੇ ਵਾਲੇ ਯੁੱਗ ਵਿੱਚ, ਨਿਹਾਨ ਇਚੀ ਫੋਰੈਸਟ ਸਕੂਲ ਇੱਕ ਓਏਸਿਸ ਦੇ ਰੂਪ ਵਿੱਚ ਕੰਮ ਕਰਦਾ ਹੈ, ਜੋ ਬੱਚਿਆਂ ਨੂੰ ਕੁਦਰਤੀ ਸੰਸਾਰ ਨਾਲ ਦੁਬਾਰਾ ਜੁੜਨ ਦਾ ਮੌਕਾ ਪ੍ਰਦਾਨ ਕਰਦਾ ਹੈ, ਉਹਨਾਂ ਦੀ ਪੈਦਾਇਸ਼ੀ ਉਤਸੁਕਤਾ ਨੂੰ ਪਾਲਦਾ ਹੈ, ਅਤੇ ਅਚੰਭੇ ਦੀ ਭਾਵਨਾ ਪੈਦਾ ਕਰਦਾ ਹੈ। ਇਹ ਸਾਡੇ ਆਲੇ-ਦੁਆਲੇ ਦੇ ਅਥਾਹ ਮੁੱਲ ਅਤੇ ਅਗਲੀ ਪੀੜ੍ਹੀ ਦੇ ਮਨਾਂ ਨੂੰ ਆਕਾਰ ਦੇਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਦੇ ਪ੍ਰਮਾਣ ਵਜੋਂ ਖੜ੍ਹਾ ਹੈ।

ਆਉ ਅਸੀਂ ਨਿਹਾਨ ਇਚੀ ਫੋਰੈਸਟ ਸਕੂਲ ਦਾ ਜਸ਼ਨ ਮਨਾਉਂਦੇ ਹਾਂ, ਜਿੱਥੇ ਭਾਰਤ ਤੋਂ ਅੰਬਰ ਨੌਜਵਾਨ ਸਿਖਿਆਰਥੀਆਂ ਨੂੰ ਖੋਜ ਦੀ ਇੱਕ ਸ਼ਾਨਦਾਰ ਯਾਤਰਾ 'ਤੇ ਮਾਰਗਦਰਸ਼ਨ ਕਰਦਾ ਹੈ। ਇਕੱਠੇ ਮਿਲ ਕੇ, ਉਹ ਕੁਦਰਤ ਦੇ ਨਾਲ ਇੱਕ ਡੂੰਘਾ ਰਿਸ਼ਤਾ ਬਣਾਉਂਦੇ ਹਨ, ਹਮਦਰਦੀ, ਵਾਤਾਵਰਣ ਸੰਭਾਲ, ਅਤੇ ਸਿੱਖਿਆ ਦੀ ਪਰਿਵਰਤਨਸ਼ੀਲ ਸ਼ਕਤੀ ਲਈ ਇੱਕ ਡੂੰਘੀ ਪ੍ਰਸ਼ੰਸਾ 'ਤੇ ਬਣੇ ਇੱਕ ਉੱਜਵਲ ਭਵਿੱਖ ਦੀ ਸਿਰਜਣਾ ਕਰਦੇ ਹਨ।






## ਆਪਣੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਸਾਂਝ ਪੁਆਉਣ ਵਾਲਾ ਪੰਜਾਬੀ ਅਧਿਆਪਕ ਅੰਬਰ

ਵਿਸ਼ਵ ਪ੍ਰਸਿੱਧ ਸਵੀਡਿਸ਼ ਵਾਤਾਵਰਣ ਪ੍ਰੇਮੀ ਗਰੇਟਾ ਥਨਬਰਗ ਜੋ ਕਿ ਵਾਤਾਵਰਣ ਲਈ ਨਿਰੰਤਰ ਉੱਦਮ ਕਰ ਰਹੀ ਹੈ, ਉਸ ਦਾ ਕਹਿਣਾ ਹੈ, ਸਾਨੂੰ ਸਾਰਿਆਂ ਨੂੰ ਇਕਜੁੱਟ ਹੋ ਕੇ ਆਪਣੇ ਭਵਿੱਖ ਦੇ ਵਾਰਸਾਂ ਬਾਰੇ ਸੋਚਣਾ ਚਾਹੀਦਾ ਹੈ, ਮਸ਼ੀਨ ਦੀ ਜ਼ਿੰਦਗੀ ਵਿੱਚੋ ਨਿਕਲ ਕੇ ਕੁਦਰਤ ਨਾਲ ਭਾਈਵਾਲੀ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਸਾਡੇ ਸਮਿਆਂ ਦੇ ਮਨੁੱਖਾਂ ਨੂੰ ਆਪਣੇ ਘਰ ਫਿਰ ਕੁਦਰਤ ਦੀ ਗੋਦ ਵਿੱਚ ਬਨਾਉਣੇ ਚਾਹੀਦੇ ਹਨ। ਅਸੀਂ ਤਦ ਹੀ ਸਹੀ ਤਰੀਕੇ ਨਾਲ ਸੰਪੂਰਨ ਜ਼ਿੰਦਗੀ ਦਾ ਹਿੱਸਾ ਬਣਨ ਵਿਚ ਕਾਮਯਾਬ ਹੋਵਾਂਗੇ। ਅੰਬਰ ਜਿਸ ਦੀ ਸ਼ੁਰੂਆਤ ਕਿਰਪਾਲ ਸਾਗਰ ਅਕੈਡਮੀ ਤੋਂ ਹੋਈ ਸੀ, ਆਪਣੇ ਸਮੁੱਚੇ ਪੜ੍ਹਾਈ ਸਮੇਂ ਵਿੱਚ ਅੰਬਰ ਸਦਾ ਕੁਦਰਤ ਦੇ ਅੰਗ ਸੰਗ ਰਿਹਾ। ਕੁਦਰਤ ਦੀ ਇਕਸੁਰਤਾ ਅਤੇ ਵਾਤਾਵਰਣ ਨੂੰ ਸ਼ੁੱਧ ਜੀਣ ਦੀ ਜਾਚ ਅੰਬਰ ਨੇ ਕਿਰਪਾਲ ਸਾਗਰ ਅਕੈਡਮੀ ਵਿਖੇ ਸਿਖੀ। ਤੁਰਕੀ ਦੀ ਪਾਠਸ਼ਾਲਾ ਵਿਚ ਕੁਦਰਤ ਦੇ ਨਿਯਮਾਂ ਅਨੁਸਾਰ ਬੱਚਿਆਂ ਨੂੰ ਜ਼ਿੰਦਗੀ ਦੇ ਰੰਗ ਵਿੱਚ ਰੰਗਦਾ ਅੰਬਰ ਸਾਡੇ ਸਮਿਆਂ ਦਾ ਬੇਹੱਦ ਸੰਵੇਦਨਸ਼ੀਲ ਇਨਸਾਨ ਬਣ ਪੇਸ਼ ਹੋਇਆ ਹੈ। ਪੰਛੀਆਂ ਦੀ ਚਹਿਚਹਾਵਟ, ਪੱਤਿਆਂ ਦੀ ਸਰਸਰਾਹਟ, ਮਿੱਟੀ ਦੀ ਮਹਿਕ ਆਉਂਦੀ ਹੈ ਉਸ ਦੇ ਬੋਲਾਂ ਵਿੱਚੋਂ। ਆਪਣੇ ਪਾਠਕਾਂ ਲਈ ਕੁਦਰਤ ਨਾਲ ਭਾਈਵਾਲੀ ਪਾਉਣ ਵਾਲੀ ਰਿਪੋਰਟ ਵਿਸ਼ੇਸ਼ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।










ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

2172 ਪੰਜ ਪੁੱਤ ਨਵਾਬ ਦੇ ਨਾਲ ਆਏ, ਪਿਛੇ ਉਨ੍ਹਾਂ ਦੇ ਪਲਟਨਾਂ ਭਾਰੀਆਂ ਨੇ।
ਹਿੱਕਾਂ ਚੌੜੀਆਂ ਲਾਲੀਆਂ ਚੋਣ ਮੱਥੇ, ਹੱਥ ਖਿਚੀਆਂ ਤੇਜ ਕਟਾਰੀਆਂ ਨੇ।
ਦਫ਼ਨ ਕਰ ਦਿਓ ਮਾਰਕੇ ਕਾਫਰਾਂ ਨੂੰ, ਆਏ ਮਰਨ ਇਹ ਕਰ ਤਿਆਰੀਆਂ ਨੇ।
ਅੱਗੋਂ ਸਿੰਘ ਨਾ ਘੱਟ ਹਰਚੰਦ ਸਿੰਘਾ, ਮੌਤ ਨਾਲ ਜੋ ਰੱਖਦੇ ਯਾਰੀਆਂ ਨੇ॥
2173 ਅੰਦਰ ਜਾ ਕੇ ਝੱਟ ਅਕਾਲੀਆਂ ਨੇ, ਬੂਹੇ ਕਿਲੇ ਦੇ ਬੰਦ ਜੋ ਖੋਲ੍ਹ ਦਿੱਤੇ।
ਸਿੱਖ ਫ਼ੌਜ ਉਡੀਕਦੀ ਚਿਰ ਦੀ ਜੋ, ਹੱਲੇ ਉਨ੍ਹਾਂ ਦੁਵੱਲਿਓਂ ਬੋਲ ਦਿੱਤੇ।
ਲਾ ਅੱਡੀਆਂ ਘੋੜ ਸਵਾਰ ਆਏ, ਨਾਲ ਨੇਜ਼ਿਆਂ ਲਹੂ ਨਚੋੜ ਦਿੱਤੇ।
ਸ਼ਾਮ ਸਿੰਘ ਤੇ ਹਰੀ ਸਿੰਘ ਨਲੂਏ, ਹਰਚੰਦ ਸਿੰਘਾ ਮੂੰਹ ਸੀ ਮੋੜ ਦਿੱਤੇ॥
2174 ਦੋਹੀਂ ਪਾਸੀਂ ਜੋਸ਼ ਅਥਾਹ ਹੈ ਸੀ, ਦੋਵੇਂ ਫੌਜਾਂ ਬਣੀਆਂ ਸਾਰ ਦੀਆਂ।
ਤੇਗਾਂ ਭਿੜਦੀਆਂ ਝੜਨ ਅੰਗਾਰ ਵਿੱਚੋਂ, ਧੜਾਂ ਉੱਤੋਂ ਸੀਸ ਉਤਾਰ ਦੀਆਂ।
ਇੱਕ ਦੂਜੇ ਨੂੰ ਪੈਂਦੇ ਲੈ ਝਈਆਂ, ਨਾਅਰੇ ਆਪੋ ਆਪਣੇ ਮਾਰਦੀਆਂ।
ਹਰਚੰਦ ਸਿੰਘਾ ਘੋਰ ਘਮਸਾਨ ਹੋਇਆ, ਬੰਦੂਕਾਂ ਤੇਗਾਂ ਜਿਸਮ ਖਲਾਰ ਦੀਆਂ॥
2175 ਫੂਲਾ ਸਿੰਘ ਦੀ ਸਾਥੀਆਂ ਪਿੱਠ ਕੱਜੀ, ਮੂਹਰੇ ਵਾਢੀ ਕਰਦਾ ਜਾਂਵਦਾ ਏ।
ਵਾਰ ਰੋਕ ਕੇ ਫੇਰ ਉਹ ਵਾਰ ਕਰਦਾ, ਚੁਣ ਚੁਣ ਕੇ ਆਹੂ ਲਾਂਹਵਦਾ ਏ।
ਮੁਜੱਫ਼ਰ ਖਾਨ ਸੀ ਦੁੱਗਣਾ ਉਸ ਨਾਲੋਂ, ਨੇਜਾ ਸਿੰਘ ਤੇ ਹਰਖ ਚਲਾਂਵਦਾ ਏ।
ਫੂਲਾ ਸਿੰਘ ਜੀ ਰੋਕ ਹਰਚੰਦ ਸਿੰਘਾ, ਸਿਰ ਖਾਨ ਦਾ ਵੱਢ ਲਿਆਂਵਦਾ ਏ॥
2176 ਖੜ੍ਹਗ ਸਿੰਘ ਨੇ ਭਰਿਆ ਜੋਸ਼ ਐਸਾ, ਫੌਜੀ ਭੱਜ ਕੇ ਕਿਲੇ ਵਿੱਚ ਵੜਨ ਲੱਗੇ।
ਖ਼ਾਨ ਖੜੇ ਸੀ ਕੰਧ ਜੋ ਬਣੇ ਅੱਗੇ, ਕੱਲੇ ਕੱਲੇ ਨੂੰ ਜਾ ਕੇ ਫੜਨ ਲੱਗੇ।
ਸਮਾਂ ਮੌਤ ਦੀ ਬਲੀ ਬੁਲੰਦ ਹੋ ਕੇ, ਕੌਮੀ ਪਰਵਾਨੇ ਸੀ ਉਥੇ ਸੜਨ ਲੱਗੇ।
ਹਰਚੰਦ ਸਿੰਘਾ ਮਾਵਾਂ ਦੇ ਪੁੱਤ ਸੋਹਣੇ, ਇਕ ਦੂਜੇ ਦੇ ਨਾਲ ਸੀ ਲੜਨ ਲੱਗੇ॥
2177 ਨਵਾਬ ਵੇਖਿਆ ਢੇਰੀ ਜਦ ਹੋਇਆ, ਗੁੱਸਾ ਉਸਦੇ ਪੁੱਤਰਾਂ ਖਾਇਆ ਏ।
ਫੂਲਾ ਸਿੰਘਾ ਦੇ ਵੱਲ ਉਹ ਆਏ ਪੰਜੇ, 'ਜਾਹ ਅਲੀ' ਦਾ ਨਾਅਰਾ ਲਾਇਆ ਏ।
ਹਰੀ ਸਿੰਘ ਨੇ ਸ਼ਾਹ ਨਿਵਾਜ਼ ਤਾਈਂ, ਅੱਗੇ ਹੋ ਕੇ ਪਾਰ ਬੁਲਾਇਆ ਏ।
ਹਰਚੰਦ ਸਿੰਘਾ ਵਧਕੇ ਸ਼ਾਮ ਸਿੰਘ ਨੇ, ਮੁਮਤਾਜ ਖਾਨ ਦਾ ਦਮ ਮੁਕਾਇਆ ਏ॥
2178 ਆਇਆਜ਼ ਖ਼ਾਨ ਦੇ ਫੂਲਾ ਸਿੰਘ ਯੋਧੇ, ਕਟਾਰੀ ਪੇਟ ਦੇ ਵਿਚੋਂ ਲੰਘਾ ਦਿੱਤੀ।
ਹਕ ਨਿਵਾਜ਼ ਤੇ ਸ਼ਾਬਾਬ ਖ਼ਾਨ ਵਾਲੀ, ਭਾਜੀ ਸਿੰਘਾਂ ਨੇ ਉਥੇ ਸੀ ਪਾ ਦਿੱਤੀ
ਧੰਨਾ ਸਿੰਘ ਨੇ ਤੋਪਚੀ ਜਾ ਸੋਧੇ, ਅੱਗ ਜਿਨ੍ਹਾਂ ਸੀ ਬਹੁ ਬਰਸਾਅ ਦਿੱਤੀ।
ਹਰਚੰਦ ਸਿੰਘਾ ਖ਼ਾਨ ਸੀ ਖ਼ਤਮ ਹੋਏ, ਢੇਰੀ ਗਾਜ਼ੀਆਂ ਅੰਤ ਨੂੰ ਢਾਹ ਦਿੱਤੀ॥
2179 ਹਥਿਆਰ ਜਿਸਨੇ ਹੱਥੋਂ ਨਾ ਛੱਡੇ, ਉਹੋ ਸਿੰਘਾਂ ਜਿਉਂਦਾ ਛੱਡਿਆ ਨਾ।
ਹੱਥ ਖੜੇ ਜਿਸਨੇ ਕਰ ਦਿੱਤੇ, ਵੈਰੀ ਜਾਣਕੇ ਉਸਨੂੰ ਵੱਢਿਆ ਨਾ।
ਗਾਜ਼ੀ ਲੜ ਕੇ ਸਭ ਸ਼ਹੀਦ ਹੋਏ, ਤਰਲਾ ਉਨ੍ਹਾਂ ਸਿੰਘਾਂ ਦਾ ਕੱਢਿਆ ਨਾ।
ਛਾਲਾਂ ਕਿਲੇ ਤੋ ਮਾਰ ਕੇ ਮਰ ਗਏ, ਹਰਚੰਦ ਸਿੰਘ ਪੱਲਾ ਪਰ ਅੱਡਿਆ ਨਾ॥

## ਕਵੀਓ ਵਾਚ

2180 ਦਿਨ ਮੁੱਕਾ ਜੰਗ ਵੀ ਮੁੱਕ ਗਈ, ਨਾਲ ਮੁਕਗੇ ਮਾਵਾਂ ਦੇ ਲਾਲ ਲੋਕੋ।
ਇਕ ਦੂਏ ਨੂੰ ਜੱਫੀਆਂ ਪਾ ਲੋਥਾਂ, ਮੁਸਲਮਾਨ-ਸਿੱਖ ਪਏ ਨਾਲੋ ਨਾਲ ਲੋਕੋ।
ਨਾਲ ਲਹੂ ਦੇ ਕਿਲਾ ਮੁਲਤਾਨ ਦਾ ਇਹ, ਹੋਇਆ ਪਿਆਏ ਜਾਲ ਗਲਾਲ ਲੋਕੋ।
ਹਰਚੰਦ ਸਿੰਘਾ ਰੋ ਰੋ ਕਲਮ ਮੇਰੀ, ਲਿਖ ਰਹੀ ਲੜਾਈ ਦਾ ਹਾਲ ਲੋਕੋ॥
2181 ਫੂਲਾ ਸਿੰਘ ਤੇ ਹਰੀ ਸਿੰਘ ਨਲੂਆ, ਬਸਤਰ ਉਨ੍ਹਾਂ ਦੇ ਖ਼ੂਨ ਨਾਲ ਗੱਚ ਹੋਏ।
ਘਾਓ ਲੱਗੇ ਸਰੀਰਾਂ ਤੇ ਅੱਤ ਬਾਹਲੇ, ਥਾਂ ਥਾਂ ਤੋਂ ਅੰਗ ਸੀ ਪੱਚ ਹੋਏ।
ਫਟ ਕੱਸ ਕੇ ਪਰਨਿਆਂ ਨਾਲ ਬੱਧੇ, ਚਿਹਰੇ ਸੁਰਖ ਤੇ ਦਾੜ੍ਹੇ ਜੱਚ ਹੋਏ।
ਹਰਚੰਦ ਸਿੰਘਾ ਅਕਾਲ ਦਾ ਸ਼ੁਕਰ ਕੀਤਾ ਅਰਦਾਸੇ ਸੋਧੇ ਅੰਤ ਨੂੰ ਸੱਚ ਹੋਏ॥
2182 ਭਤੀਜਾ ਇਕ ਮੁਜੱਫ਼ਰ ਖਾਨ ਦਾ ਜੋ, ਖੜਗ ਸਿੰਘ ਨੂੰ ਅਰਜ਼ ਗੁਜ਼ਾਰਦਾ ਜੇ।
ਲੋਥਾਂ ਚੱਕ ਟਿਕਾਣੇ ਲਾ ਦਈਏ, ਹੁਕਮ ਹੋਵੇ ਸਾਨੂੰ ਸਰਕਾਰ ਦਾ ਜੇ।
ਮੋਏ ਕਿਊਂਟਨੇ ਫ਼ਰਜ਼ ਜੀਉਂਦਿਆਂ ਦਾ, ਕਨੂਨ ਮੁੱਢ ਤੋਂ ਇਹ ਸੰਸਾਰ ਦਾ ਜੇ।
ਹਰਚੰਦ ਸਿੰਘਾ ਲੋਥਾਂ ਦੇ ਭਰੇ ਗੱਡੇ, ਹੁਕਮ ਲੈ ਕੇ ਉਸ ਸਰਦਾਰ ਦਾ ਜੇ॥
2183 ਯੁੱਧ ਮਾੜਾ ਮੁਲਤਾਨ ਦਾ ਕਹਿਣ ਲੋਕੀ, ਕਤਲ 20 ਹਜ਼ਾਰ ਇਨਸਾਨ ਹੋਏ।
ਹੋਇਆ ਮੌਤ ਦਾ ਤਾਂਡਵ ਨਾਚ ਉਥੇ ਭਸਮ ਹਿੰਦੂ, ਸਿੱਖ, ਮੁਲਸਮਾਨ ਹੋਏ।
ਪੁੱਤ ਮਾਵਾਂ ਤੇ ਭੈਣਾ ਵੀਰ ਖੋਏ, ਘਰ ਨਾਰਾਂ ਦੇ ਰੰਡ ਬਰਾਨ ਹੋਏ।
ਕਿਵੇਂ ਬੰਦੇ, ਬੰਦੇ ਨੂੰ ਮਾਰ ਦੇਂਦੇਂ, ਹਰਚੰਦ ਸਿੰਘ ਇਹ ਸੋਚ ਹੈਰਾਨ ਹੋਏ॥
2184 ਮੁਜੱਫ਼ਰ ਖ਼ਾਨ ਤੇ ਉਸਦੇ ਪੁੱਤ ਪੰਜੇ, ਲੋਥਾਂ ਭਾਲ ਕੇ ਕੱਫ਼ਣੀ ਪਾ ਦਿੱਤੇ।
ਬਾਵਲ ਹੱਕ ਦੇ ਮਕਬਰੇ ਵਿਚ ਜਾ ਕੇ, ਖੋਦ ਕਬਰਾਂ ਵਿਚ ਪੁਚਾ ਦਿੱਤੇ।
ਹਿੰਦੂ-ਸਿੱਖਾਂ ਦੇ ਸਿਵੇ ਤਿਆਰ ਕਰਕੇ, ਦਾਗ ਸੁਹਣੇ ਸਰੀਰਾਂ ਨੂੰ ਲਾ ਦਿੱਤੇ।
ਹਰਚੰਦ ਸਿੰਘਾ ਭਾਲਕੇ ਫੱਟੜਾਂ ਨੂੰ, ਕਰ ਪੱਟੀਆਂ ਕੈਂਪੀਂ ਪੁਚਾ ਦਿੱਤੇ॥
2185 ਕਰ ਕਬਜਾ ਕਿਲੇ ਤੇ ਖਾਲਸੇ ਨੇ, ਹਰ ਪਾਸਾ ਇਸਦਾ ਫੋਲ੍ਹਿਆ ਏ।
ਪਰਾਂ ਸੁੱਟੇ ਜਿੰਦਰੇ ਤੋੜ ਸਾਰੇ, ਬੂਹਾ ਜਾ ਖ਼ਜ਼ਾਨੇ ਦਾ ਖੋਲ੍ਹਿਆ ਏ।
ਕਈ ਸਦੀਆਂ ਜੋੜਿਆ ਲੁੱਟਿਆ ਜੋ, ਸਿੰਘਾਂ ਪਾਕ ਕੇ ਤੱਕੜੀ ਤੋਲਿਆ ਏ।
ਸੋਨਾ, ਚਾਂਦੀ, ਹੀਰੇ ਤੇ ਮਾਲ, ਮੁਹਰਾਂ, ਹਰਚੰਦ ਸਿੰਘਾ ਸਭ ਕੁਝ ਟੋਲ੍ਹਿਆ ਏ॥
2186 ਡੇਰੇ ਲੈ ਗਏ ਫੂਲਾ ਸਿੰਘ ਤਾਈਂ, ਨਾਲ ਨਿਮਰਤਾ ਬੜਾ ਸਤਿਕਾਰ ਕੀਤਾ।
ਫੱਟ ਧੋ ਕੇ ਪੱਟੀਆਂ ਕੀਤੀਆਂ ਨੇ, ਭੋਜਨ ਜਥੇ ਲਈ ਅੱਡ ਤਿਅਰ ਕੀਤਾ।
ਜੱਥੇਦਾਰ ਦੇ ਚਰਨੀ ਬੈਠ ਸਿੰਘਾਂ, ਨਾਮ ਜਪ ਕੇ ਯਾਦ ਕਰਤਾਰ ਕੀਤਾ।
ਹਰਚੰਦ ਸਿੰਘਾ ਬਿਨਾਂ ਤਨਖਾਹ ਲਏ, ਬੇੜਾ ਭੰਬਰ, ਚੋਂ ਬਾਬਾ ਜੀ ਪਾਰ ਕੀਤਾ॥
2187 ਅਕਾਲੀ ਫੂਲਾ ਸਿੰਘ ਜੀ ਬਚਨ ਕਰਦੇ, ਅਕਾਲ ਪੁਰਖ ਨੇ ਦਿੱਤਾ ਸਰੀਰ ਸਿੰਘੋ।
ਸੇਵਾ ਕੌਮ ਦੀ ਬੰਦਗੀ ਵਾਹਿਗੁਰੂ ਦੀ, ਬੜੀ ਕੀਮਤੀ ਇਹ ਜਗੀਰ ਸਿੰਘੋ।
ਵੇਲੇ ਅਮਨ ਦੇ ਕਰੀਏ ਪਾਠ ਪੂਜਾ, ਜਬਰ ਵੇਲੇ ਚੱਕੋ ਸ਼ਮਸੀਰ ਸਿੰਘੋ।
ਉਸ ਮਿਟੀ ਨੂੰ ਪੂਜੋ ਹਰਚੰਦ ਸਿੰਘਾ, ਖਾਈਏ ਅੰਨ ਤੇ ਪੀਏ ਨੀਰ ਸਿੰਘੋ॥
2188 ਫਤਹਿ ਹੋਈ ਮੁਲਤਾਨ ਦੀ ਖਬਰ ਸੁਣਕੇ, ਸ਼ੇਰੇ ਪੰਜਾਬ ਨੇ ਸ਼ੁਕਰ ਮਨਾਇਆ ਏ।
ਇਲਾਕਾ ਜੋ ਨਵਾਬ ਦੇ ਪਾਸ ਹੈ ਸੀ, ਸਿੱਖ ਰਾਜ ਦੇ ਵਿਚ ਮਿਲਾਇਆ ਏ।
ਬਖਸੀਸ ਦਿੱਤੀ ਸਰਦਾਰਾਂ ਤੇ ਫੌਜੀਆਂ ਨੂੰ, ਫੂਲਾ ਸਿੰਘ ਨੂੰ ਗਲੇ ਲਗਾਇਆ ਏ।
ਹਰਚੰਦ ਸਿੰਘਾ ਪੁੰਨ ਤੇ ਦਾਨ ਕੀਤਾ, ਜਸ ਗੁਰਾਂ ਦਾ ਰੱਜ ਕੇ ਗਾਇਆ ਏ॥
2189 ਤਿੰਨ ਪੁੱਤ ਨਵਾਬ ਨੇ ਕਿਲੇ ਵਿਚੋਂ, ਜਿਊਂਦੇ ਸਿੰਘਾਂ ਨੇ ਗਿਰਫਤਾਰ ਕੀਤੇ।
ਸਰਫ਼ਰਾਜ਼, ਅਮੀਰ ਬਗ ਤੇ ਜੁਲਫਕਾਰ ਅਲੀ, ਲਹੌਰ ਪੇਸ਼ ਆ ਵਿਚ ਦਰਬਾਰ ਕੀਤੇ।
ਤਰਸ ਖਾ ਦਿਆਲੂ ਬਾਦਸ਼ਾਹ ਨੇ, ਬਚਨ ਉਨ੍ਹਾਂ ਦੇ ਨਾਲ ਪਿਆਰ ਕੀਤੇ।
ਹਰਚੰਦ ਸਿੰਘਾ ਦੇਹ ਜਗੀਰ ਚੋਖੀ, ਸ਼ਰਕ ਪੁਰ ਸੈਟ ਸੀ ਬਰਖੁਰਦਾਰ ਕੀਤੇ॥
2190 ਬੱਚੇ ਵੇਖ ਕੇ ਸ਼ੇਰੇ ਪੰਜਾਬ ਉਠੇ, ਕੱਲੇ ਕੱਲੇ ਨੂੰ ਹਿੱਕ ਨਾਲ ਲਾਇਆ ਏ।
ਮੱਥੇ ਚੁੰਮ ਕੇ ਸੁਹਣੀਆਂ ਸੂਰਤਾਂ ਦੇ, ਬਰਾਬਰ ਆਪਣੇ ਉਨ੍ਹਾਂ ਬਠਾਇਆ ਏ।
ਸਜਾ ਪਿਊ ਦੀ ਦਿੱਤੀ ਨਾ ਪੁਤਰਾਂ ਨੂੰ, ਨੀਹਾਂ ਵਿਚ ਨਾ ਫੜ ਚਣਾਇਆ ਏ।
ਹਰਚੰਦ ਸਿੰਘਾ ਸ਼ੇਰੇ ਪੰਜਾਬ ਵਰਗਾ ਕਿਸੇ ਰਾਜੇ ਨਾ ਰਾਜ ਕਮਾਇਆ ਏ॥

## ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੰਘਾਂ ਨੂੰ ਜੋ ਨਾਂਦੇੜ ਸਾਹਿਬ ਮਨ੍ਹਾਂ ਕੀਤਾ ਸੀ ਫਿਰੰਗੀਆਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਉਹ ਕਾਜ ਕਰਵਾਇਆ

2191 ਸ਼ੇਰੇ ਪੰਜਾਬ ਨੂੰ ਕਿਹਾ ਫਿਰੰਗੀਆਂ ਨੇ, ਵਿਚ ਨਾਂਦੇੜ ਦੇ ਸਿੱਖੀ ਦੀ ਸ਼ਾਨ ਰੁਲਦੀ।
ਜਿਸ ਸਿੱਖੀ ਲਈ ਸਭ ਕੁਝ ਵਾਰ ਦਿੱਤਾ, ਤੇਰੇ ਪੀਰ ਦੀ ਉਥੇ ਮਸਾਣ ਰੁਲਦੀ।
ਕੱਛਾ, ਕੜਾ, ਕੰਘਾ, ਤੇ ਕੇਸ, ਕਲਗੀ, ਢਾਲ ਤਲਵਾਰ ਦੇ ਸਣੇ ਕਮਾਣ ਰੁਲਦੀ।
ਹਰਚੰਦ ਸਿੰਘਾ ਕਿਸੇ ਨਾ ਸਾਰ ਲਈ, ਪੂਜਣ ਜੋਗ ਜੋ ਮਿੱਟੀ ਮਹਾਨ ਰੁਲਦੀ॥
2192 ਸ਼ੇਰੇ ਪੰਜਾਬ ਨੂੰ ਲਾ ਟਕੋਰ ਦਿੱਤੀ, ਦੇਖੋ ਭੁੱਲਿਆ ਯਾਦ ਕਰਾਇਆ ਏ।
ਗੱਲ ਸੁਣ ਕੇ ਸ਼ੇਰ ਨੂੰ ਤੜਪ ਉਠੀ, ਮਨ ਆਪਣੇ ਬੜਾ ਪਛਤਾਇਆ ਏ।
ਜਿਸ ਗੁਰੂ ਨੇ ਬਖ਼ਸਿਆ ਰਾਜ ਮੈਨੂੰ, ਮੈ ਆਪਣਾ ਫ਼ਰਜ ਭੁਲਾਇਆ ਏ।
ਉਸ ਮਿਟੀ ਦੀ ਲਈਏ ਸਾਰ ਜਾ ਕੇ, ਹਰਚੰਦ ਸਿੰਘਾ ਮਨ ਬਣਾਇਆ ਏ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri
604-377-4085



Amarjit Singh
778-908-0523



Hardam S. Maan
604-308-6663



Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
Ashok
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Perry
SURREY / DELTA
8385 - 120th Street
604-572-8788
Monday to Saturday
9:00-5:30
Sunday Closed
Butch
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੇਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5‘9“, ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

****************

ਕੇਨੇਡਾ ’ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ ’ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੇਨੇਡਾ ’ਚ ਪੀ.ਆਰ. ਹਨ। ਇੰਡੀਆ ਅਤੇ ਕੇਨੇਡਾ ’ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੇਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ’ ਚ ਰਹਿੰਦੇ ਲੜਕੇ ਲਈ ਕੈਨੇਡਾ ‘ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ ‘ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6’ ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਸ਼ਰਮਾ, ਕੇਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

****************

27 ਸਾਲਾਂ 5’-7” ਵਰਕ ਪਰਮਿਟ ’ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-763-3541.

## MATRIMONIALS

ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਦਚਦਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
talwanld@hotmlal.ca

****************

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
**Contact: 604-897-1298,**
**Whatsapp Number: 99-156-52029**

****************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ ‘ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

****************

34 ਸਾਲਾਂ 5’-3” **M.A. B.Ed.** ਨੈਨੀ ਵਰਕ ਪਰਮਿਟ ’ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ। ਸੰਪਰਕ- 604-763-3541.

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6’1”, ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

****************

ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ ‘ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ ‘ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੇਲਟਾ ‘ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5’10” (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ੍ਰ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਇੰਡੀਆ ਵਿਚ ਧਰਡ ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6’2” ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਪੰਜਲ ਫੈਮਿਲੀ : 604-761-8454, 778-837-3502

****************

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ ਲੜਕੀ, ਉਮਰ 29 ਸਾਲ, ਕੱਦ 5’6”, ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਡਵਾਈਜ਼ਰ ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 236-591-2719

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਓ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5’5”, MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ ‘ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ ‘ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ ‘ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਇੰਸਟਾਗ੍ਰਾਮ 'ਤੇ ਹੋਇਆ ਪਿਆਰ, ਸੱਤ ਸਮੁੰਦਰੋਂ ਪਾਰ ਝਾਰਖੰਡ ਪਹੁੰਚੀ ਪੋਲੈਂਡ ਦੀ ਔਰਤ, ਪ੍ਰੇਮੀ ਦੇ ਘਰ ਇਕੱਠੀ ਹੋਈ ਲੋਕਾਂ ਦੀ ਭੀੜ

ਹਜ਼ਾਰੀਬਾਗ-ਇਨ੍ਹੀਂ ਦਿਨੀਂ ਚਾਰ ਬੱਚਿਆਂ ਦੀ ਮਾਂ ਸੀਮਾ ਹੈਦਰ ਪਾਕਿਸਤਾਨ ਤੋਂ ਆਪਣੇ ਪਿਆਰ ਨੂੰ ਲੱਭਣ ਲਈ ਭਾਰਤ ਆਉਣ ਦੀ ਕਹਾਣੀ-ਨੋਇਡਾ ਦੇ ਸਚਿਨ ਦੀ ਕਹਾਣੀ ਸੁਰਖੀਆਂ ਵਿੱਚ ਹੈ। ਇਸ ਦੌਰਾਨ ਪੋਲੈਂਡ ਦੀ ਰਹਿਣ ਵਾਲੀ 45 ਸਾਲਾ ਔਰਤ ਬਾਰਬਰਾ ਪੋਲਕ ਅਤੇ ਝਾਰਖੰਡ ਦੇ ਹਜ਼ਾਰੀਬਾਗ ਜ਼ਿਲ੍ਹੇ ਦੇ ਕਟਕਾਮਸੰਡੀ ਬਲਾਕ ਦੇ ਖੁਤਰਾ ਪਿੰਡ ਦੇ 27 ਸਾਲਾ ਸ਼ਾਦਾਬ



ਮਲਿਕ ਦੀ ਪ੍ਰੇਮ ਕਹਾਣੀ ਸਾਹਮਣੇ ਆਈ ਹੈ। ਬਾਰਬਰਾ ਆਪਣੇ ਬੁਆਏਫ੍ਰੈਂਡ ਨੂੰ ਮਿਲਣ ਲਈ ਆਪਣੀ ਪੰਜ ਸਾਲ ਦੀ ਬੇਟੀ ਅਨੀਆ ਪੋਲਕ ਨਾਲ ਪੋਲੈਂਡ ਤੋਂ ਹਜ਼ਾਰੀਬਾਗ ਪਹੁੰਚੀ ਹੈ।

### ਇੰਸਟਾਗ੍ਰਾਮ 'ਤੇ ਜੁੜੀ ਪਿਆਰ ਦੀ ਤਾਰ

ਬਾਰਬਰਾ ਪੋਲੈਕ ਅਤੇ ਸ਼ਾਦਾਬ ਮਲਿਕ ਵਿਚਕਾਰ ਪਿਆਰ ਦਾ ਕਨੈਕਸ਼ਨ ਸਾਲ 2021 ਵਿੱਚ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਰਾਹੀਂ ਹੋਇਆ ਸੀ। ਇੰਸਟਾਗ੍ਰਾਮ 'ਤੇ ਦੋਸਤੀ ਤੋਂ ਬਾਅਦ ਦੋਵਾਂ ਵਿਚਾਲੇ ਗੱਲਬਾਤ ਸ਼ੁਰੂ ਹੋ ਗਈ। ਦੋਸਤੀ ਹੌਲੀ-ਹੌਲੀ ਪਿਆਰ ਵਿੱਚ ਬਦਲ ਗਈ। ਬਾਰਬਰਾ 26 ਜੂਨ, 2023 ਨੂੰ ਭਾਰਤ ਪਹੁੰਚੀ ਅਤੇ ਫਿਰ ਮੁੰਬਈ ਦੇ ਰਸਤੇ ਇੱਕ ਹਫ਼ਤਾ ਪਹਿਲਾਂ ਹਜ਼ਾਰੀਬਾਗ ਪਹੁੰਚੀ।

### ਡੀਐੱਸਪੀ ਨੇ ਕੀਤੀ ਮਾਮਲੇ ਦੀ ਜਾਂਚ

ਹਜ਼ਾਰੀਬਾਗ ਤੋਂ ਬਾਅਦ ਪੋਲੈਂਡ ਦੀ ਔਰਤ ਸ਼ਾਦਾਬ ਦੇ ਪਿੰਡ ਖੁਤਰਾ ਪਹੁੰਚੀ। ਦੋ ਦਿਨ ਪਹਿਲਾਂ ਪੋਲਿਸ਼ ਔਰਤ ਦੇ ਖੁਤਰਾ ਵਿੱਚ ਆਉਣ ਦੀ ਸੂਚਨਾ ਮਿਲਦੇ ਹੀ ਡੀਐੱਸਪੀ ਰਾਜੀਵ ਕੁਮਾਰ ਅਤੇ ਪੇਲਾਵਲ ਓਪੀ ਇੰਚਾਰਜ ਸ਼ਾਦਾਬ ਮਲਿਕ ਖੁਤਰਾ ਦੇ ਘਰ ਪੁੱਜੇ ਅਤੇ ਮਾਮਲੇ ਦੀ ਜਾਂਚ ਕੀਤੀ। ਬਾਰਬਰਾ ਕੋਲ 2028 ਤੱਕ ਭਾਰਤ ਦਾ ਵੀਜ਼ਾ ਹੈ।

### ਇਸ ਤੋਂ ਪਹਿਲਾਂ ਵੀ ਆਈਡੀਆ ਆ ਚੁੱਕਾ ਹੈ

ਉਹ ਸ਼ਾਦਾਬ ਨੂੰ ਮਿਲਣ ਲਈ ਪਹਿਲਾਂ ਵੀ ਭਾਰਤ ਆ ਚੁੱਕੀ ਹੈ। ਦੋਵਾਂ ਦੀ ਮੁਲਾਕਾਤ ਮੁੰਬਈ 'ਚ ਹੋ ਚੁੱਕੀ ਹੈ। ਪਹਿਲੀ ਵਾਰ ਹਜ਼ਾਰੀਬਾਗ ਆਏ ਹਨ। ਆਉਣ ਤੋਂ ਪਹਿਲਾਂ ਔਰਤ ਨੇ ਸ਼ਾਦਾਬ ਦੇ ਘਰ ਉਸ ਦੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ। ਕਮਰੇ ਵਿੱਚ ਏ.ਸੀ. ਆਉਣ ਤੋਂ ਬਾਅਦ, ਉਹ ਖੁਦ ਪੋਲਿਸ਼ ਖਾਣਾ ਬਣਾ ਕੇ ਖਾਂਦੀ ਹੈ।

### ਪੁਲਿਸ ਨੇ ਹੋਟਲ 'ਚ ਰਹਿਣ ਦੀ ਸਲਾਹ ਦਿੱਤੀ

ਜਾਂਚ ਦੌਰਾਨ ਹਜ਼ਾਰੀਬਾਗ ਪੁਲਿਸ ਨੇ ਔਰਤ ਨੂੰ ਸ਼ਹਿਰ ਦੇ ਇੱਕ ਹੋਟਲ ਵਿੱਚ ਰੁਕਣ ਦੀ ਸਲਾਹ ਦਿੱਤੀ। ਪਰ ਮਹਿਲਾ ਨੇ ਖੁਤਰਾ ਪਿੰਡ ਵਿੱਚ ਹੀ ਸ਼ਾਦਾਬ ਮਲਿਕ ਦੇ ਘਰ ਡੇਰੇ ਲਾਏ ਹੋਏ ਹਨ। ਪਿੰਡ ਦੀਆਂ ਔਰਤਾਂ ਉਸ ਨੂੰ ਦੇਖਣ ਲਈ ਇਸ ਤਰ੍ਹਾਂ ਇਕੱਠੀਆਂ ਹੋ ਰਹੀਆਂ ਹਨ, ਜਿਵੇਂ ਪਿੰਡ ਵਿੱਚ ਕੋਈ ਮੇਲਾ ਲੱਗ ਰਿਹਾ ਹੋਵੇ।

### ਔਰਤ ਸ਼ਾਦਾਬ ਨਾਲ ਪੋਲੈਂਡ ਜਾਣਾ ਚਾਹੁੰਦੀ ਹੈ

ਬਾਰਬਰਾ ਪੋਲੈਕ ਇੱਕ ਵਿਆਹੁਤਾ ਔਰਤ ਹੈ। ਇੱਕ ਬੱਚੀ ਹੈ। ਪਤੀ ਤੋਂ ਤਲਾਕ ਹੋ ਗਿਆ। ਉਹ ਪੋਲੈਂਡ ਵਿੱਚ ਇੱਕ ਕੰਪਨੀ ਦੀ ਮਾਲਕ ਹੈ। ਜਿਸ ਵਿੱਚ ਪੰਜਾਹ ਫੀਸਦੀ ਹਿੱਸੇਦਾਰ ਹਨ। ਔਰਤ ਦਾ ਪਤੀ ਨਿਊਜ਼ੀਲੈਂਡ ਵਿੱਚ ਰਹਿੰਦਾ ਹੈ। ਸ਼ਾਦਾਬ ਮੁਤਾਬਕ ਬਾਰਬਰਾ ਉਸ ਨੂੰ ਪੋਲੈਂਡ ਲੈ ਕੇ ਜਾਣਾ ਚਾਹੁੰਦੀ ਹੈ।

ਔਰਤ ਦਾ ਬੱਚਾ ਸ਼ਬਦ ਨੂੰ ਡੈਡੀ ਆਖਦਾ ਹੈ। ਸ਼ਾਦਾਬ ਅਣਵਿਆਹਿਆ ਹੈ। ਉਸਨੇ ਮੁੰਬਈ ਵਿੱਚ ਬੀਏ ਆਨਰਜ਼ ਦੀ ਪੜ੍ਹਾਈ ਕੀਤੀ ਹੈ, ਆਪਣੇ ਮਾਮੇ ਨਾਲ ਰਹਿੰਦਾ ਹੈ ਅਤੇ ਚੰਗੀ ਅੰਗਰੇਜ਼ੀ ਬੋਲਦਾ ਹੈ। ਉਸ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ ਹੈ। ਉਹ ਕੋਰੋਨਾ ਦੇ ਦੌਰ ਤੋਂ ਪਿੰਡ ਖੁਤਰਾ ਵਿੱਚ ਰਹਿ ਰਿਹਾ ਹੈ। ਅੰਗਰੇਜ਼ੀ ਸਮਝਣ ਅਤੇ ਬੋਲਣ ਕਾਰਨ, ਭਾਸ਼ਾ ਉਨ੍ਹਾਂ ਦੇ ਪਿਆਰ ਵਿੱਚ ਰੁਕਾਵਟ ਨਹੀਂ ਬਣ ਸਕੀ। ਬਾਰਬਰਾ ਦਾ ਕਹਿਣਾ ਹੈ ਕਿ ਭਾਰਤ ਇਕ ਖੂਬਸੂਰਤ ਜਗ੍ਹਾ ਹੈ। ਪਰ ਪਿੰਡ ਦੇ ਲੋਕ ਸਾਡੇ ਵੱਲ ਅਜੀਬ ਨਜ਼ਰਾਂ ਨਾਲ ਦੇਖ ਰਹੇ ਹਨ, ਜੋ ਸਾਨੂੰ ਪਸੰਦ ਨਹੀਂ ਹਨ। ਉਹ ਕਹਿੰਦੀ ਹੈ ਕਿ ਮੈਂ ਵੀ ਇਨਸਾਨ ਹਾਂ।






# ਕੁਦਰਤ ਨਾਲ ਛੇੜਛਾੜ ਕਾਰਨ ਖ਼ਤਰੇ ’ਚ ਹੈ ਹਿਮਾਲਿਆ




ਬਰਸਾਤ ’ਚ ਹਿਮਾਲਿਆ ਵਿਚ ਹੋ ਰਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਹੁਣ ਮਹਿਜ਼ ਹਿਮਾਲਿਆ ਦੀਆਂ ਹੀ ਨਹੀਂ ਮੰਨਿਆ ਜਾ ਸਕਦਾ। ਖ਼ਾਸ ਤੌਰ ‘ਤੇ ਜਦ ਆਉਣ ਵਾਲੇ ਸਮੇਂ ਵਿਚ ਟੁੱਟਦੇ ਹਿਮਾਲਿਆ ਕਾਰਨ ਦੇਸ਼ ਵਿਚ ਅਸੁਰੱਖਿਆ ਵਧ ਸਕਦੀ ਹੈ ਕਿਉਂਕਿ ਇਹ ਤਾਂ ਸਭ ਮੰਨਣਗੇ ਹੀ ਕਿ ਇਕੱਲਾ ਹਿਮਾਲਿਆ ਦੇਸ਼ ਦੇ 65 ਪ੍ਰਤੀਸ਼ਤ ਨਾਲੋਂ ਵੱਧ ਲੋਕਾਂ ਨੂੰ ਪਾਣੀ ਦਿੰਦਾ ਹੈ। ਹਵਾ ਦਾ ਤਾਂ ਕੋਈ ਮੁੱਲ ਹੀ ਨਹੀਂ ਹੈ। ਜੇ ਸਭ ਤੋਂ ਵੱਧ ਜੰਗਲ ਕਿਤੇ ਪਨਪਦੇ ਹਨ ਤਾਂ ਉਹ ਹਿਮਾਲਿਆ ਵਿਚ ਹੀ ਹਨ। ਇਨ੍ਹਾਂ ਸਭ ਤੋਂ ਉੱਪਰ ਇਹ ਹਿਮਖੰਡ ਹੀ ਹਨ ਜੋ ਸਾਡੇ ਲਈ ਫਿਕਸ ਡਿਪਾਜ਼ਟ ਦੀ ਤਰ੍ਹਾਂ ਹਨ ਜੋ ਹਰ ਹਾਲਾਤ ਵਿਚ ਮਨੁੱਖ ਨੂੰ ਬੇਸ਼ਕੀਮਤੀ ਜਲ ਉਪਲਬਧ ਕਰਵਾਉਂਦੇ ਹਨ। ਮੌਜੂਦਾ ਸੰਕਟ ਫਿਰ ਬਾਰਿਸ਼ ਦੇ ਰੂਪ ਵਿਚ ਕਹਿਰ ਢਾਹ ਰਿਹਾ ਹੈ। ਹਿਮਾਲਿਆ ਦਾ ਕੋਈ ਵੀ ਹਿੱਸਾ ਅਜਿਹਾ ਨਹੀਂ ਹੈ, ਖ਼ਾਸ ਤੌਰ ‘ਤੇ ਪੱਛਮੀ ਹਿਮਾਲਿਆ, ਜਿੱਥੇ ਉਸ ਦਾ ਅਸਰ ਦਿਖਾਈ ਨਾ ਦੇ ਰਿਹਾ ਹੋਵੇ। ਹਿਮਾਚਲ ਪ੍ਰਦੇਸ਼ ਇਸ ਵਾਰ ਜ਼ਿਆਦਾ ਪ੍ਰਭਾਵਿਤ ਹੋਇਆ ਹੈ ਪਰ ਜੰਮੂ-ਕਸ਼ਮੀਰ ਤੇ ਉੱਤਰਾਖੰਡ ਵੀ ਉਸ ਦੀ ਲਪੇਟ ਵਿਚ ਹਨ। ਇਹ ਸਭ ਕੁਝ ਲੰਬੇ ਸਮੇਂ ਤੋਂ ਹੁੰਦਾ ਚਲਿਆ ਆ ਰਿਹਾ ਹੈ ਤੇ ਹੁਣ ਹਿਮਾਲਿਆ ਦੇ ਲੋਕ ਚਿੰਤਤ ਹਨ। ਜਦ ਤਮਾਮ ਰਸਤੇ ਉੱਜੜ ਗਏ ਹੋਣ, ਆਵਾਜਾਈ ‘ਚ ਅੜਿੱਕਾ ਪਿਆ ਹੋਵੇ ਤੇ ਖਾਣ-ਪੀਣ ਦਾ ਸੰਕਟ ਸਿਰ ‘ਤੇ ਆ ਗਿਆ ਹੋਵੇ ਤਾਂ ਫਿਰ ਕੁਝ ਬਚਿਆ ਹੋਇਆ ਨਹੀਂ ਦਿਸਦਾ। ਦੇਸ਼ ਦੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਨਾਲ ਵੀ ਰੁਕੀ ਹੋਈ ਆਵਾਜਾਈ ਸਰਹੱਦਾਂ ਨੂੰ ਅਸੁਰੱਖਿਅਤ ਬਣਾ ਸਕਦੀ ਹੈ। ਇਸ ਵਾਰ ਦੀ ਬਾਰਿਸ਼ ਨੇ ਇਕ ਵਾਰ ਫਿਰ 2013 ਦੀ ਤ੍ਰਾਸਦੀ ਨੂੰ ਚੇਤੇ ਕਰਵਾ ਦਿੱਤਾ ਹੈ। ਉਦੋਂ ਕੇਦਾਰਨਾਥ ਦੀ ਘਟਨਾ ਨੇ ਜਾਨ-ਮਾਲ ਦਾ ਬਹੁਤ ਨੁਕਸਾਨ ਕੀਤਾ ਸੀ।

ਇਸ ਵਾਰ ਦੀ ਬਾਰਿਸ਼ ਨੇ ਫਿਰ ਤੋਂ ਹਿਮਾਚਲ ਤੇ ਉੱਤਰਾਖੰਡ ਨੂੰ ਪੂਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ। ਹੁਣ ਪਹਾੜ ਮੌਨਸੂਨ ਦਾ ਸਵਾਗਤ ਨਹੀਂ ਕਰਦੇ। ਸਥਾਨਕ ਲੋਕਾਂ ਲਈ ਮੌਨਸੂਨ ਦਾ ਸਮਾਂ ਸੰਕਟ ਨਾਲ ਭਰਿਆ ਹੋ ਜਾਂਦਾ ਹੈ। ਬੀਤੇ ਇਕ ਦਹਾਕੇ ‘ਚ ਹਰ ਸਾਲ ਹਿਮਾਲਿਆ ਦੇ ਕਿਸੇ ਨਾ ਕਿਸੇ ਇਲਾਕੇ ਵਿਚ ਬਾਰਿਸ਼ ਨਾਲ ਤਬਾਹੀ ਹੁੰਦੀ ਚਲੀ ਆ ਰਹੀ ਹੈ। ਹੁਣ ਇਹ ਤਬਾਹੀ ਕੌਮੀ ਚਿੰਤਾ ਦਾ ਵਿਸ਼ਾ ਬਣਨੀ ਚਾਹੀਦੀ ਹੈ। ਹਿਮਾਲਿਅਨ ਸੂਬਿਆਂ ਦਾ ਗਠਨ ਆਰਥਿਕ ਅਸੁਰੱਖਿਆ ਤੇ ਪੱਛੜੇਪਣ ਨੂੰ ਦੂਰ ਕਰਨ ਲਈ ਹੋਇਆ ਸੀ।

ਇਨ੍ਹਾਂ ਸੂਬਿਆਂ ਦੇ ਗਠਨ ਦਾ ਇਕ ਮਕਸਦ ਇਹ ਵੀ ਸੀ ਕਿ ਉਨ੍ਹਾਂ ਦੇ ਪੱਛੜੇਪਣ ਨੂੰ ਦੂਰ ਕਰਦੇ ਹੋਏ ਉਨ੍ਹਾਂ ਨੂੰ ਦੇਸ਼ ਦੀ ਮੁੱਖਧਾਰਾ ਨਾਲ ਜੋੜਿਆ ਜਾਵੇ ਤਾਂ ਕਿ ਉੱਥੋਂ ਪਲਾਇਨ ਨੂੰ ਠੱਲ੍ਹ ਪਵੇ। ਇਸ ਲੜੀ ‘ਚ ਉਸ ਸਵਾਲ ਦੀ ਅਣਦੇਖੀ ਕਰ ਦਿੱਤੀ ਗਈ ਜੋ ਪੂਰੇ ਹਿਮਾਚਲ ਦੀ ਵਾਤਾਵਰਨ ਸੁਰੱਖਿਆ ਨੂੰ ਲੈ ਕੇ ਸੀ। ਨਤੀਜਾ ਸਾਹਮਣੇ ਹੈ। ਅੱਜ ਹਿਮਾਲਿਆ ਪੀੜਤ ਹੈ। ਅੱਜ ਸਾਨੂੰ ਉਨ੍ਹਾਂ ਸਭ ਵਿਗਿਆਨਕ ਅਧਿਐਨਾਂ ਦਾ ਨੋਟਿਸ ਲੈਣਾ ਚਾਹੀਦਾ ਹੈ ਜੋ ਕੌਮਾਂਤਰੀ ਪੱਧਰ ‘ਤੇ ਹੋ ਚੁੱਕੇ ਹਨ। ਜੇ ਹਿਮਾਲਿਆ ਖ਼ਤਰੇ ‘ਚ ਪਿਆ ਤਾਂ ਦੇਸ਼ ਵੀ ਵਾਤਾਵਰਨ ਸੰਕਟ ਤੋਂ ਪੀੜਤ ਹੋ ਜਾਵੇਗਾ।

-ਅਨਿਲ ਪ੍ਰਕਾਸ਼ ਜੋਸ਼ੀ।






## ਕੈਟਰੀਨਾ ਦੀ ਫਿਲਮ ‘ਮੈਰੀ ਕ੍ਰਿਸਮਸ’ 15 ਦਸੰਬਰ ਨੂੰ ਹੋਵੇਗੀ ਰਿਲੀਜ਼




ਮੁੰਬਈ-ਅਦਾਕਾਰਾ ਕੈਟਰੀਨਾ ਕੈਫ਼ ਨੇ ਆਪਣੇ ਪ੍ਰਸ਼ੰਸਕਾਂ ਨੂੰ ਜਨਮ ਦਿਨ ਦਾ ਤੋਹਫ਼ਾ ਦਿੰਦਿਆਂ ਆਪਣੀ ਫਿਲਮ ‘ਮੈਰੀ ਕ੍ਰਿਸਮਸ’ ਦੀ ਰਿਲੀਜ਼ ਮਿਤੀ ਸਾਂਝੀ ਕੀਤੀ ਹੈ। ਇਸ ਸਬੰਧੀ ਟਿਪਸ ਫਿਲਮਜ਼ ਵੱਲੋਂ ਵੀ ਇੰਸਟਾਗ੍ਰਾਮ ‘ਤੇ ਕੈਟਰੀਨਾ ਕੈਫ਼ ਤੇ ਵਿਜੈ ਸੇਤੂਪਤੀ ਦੀ ਫਿਲਮ ਦਾ ਪੋਸਟਰ ਤੇ ਰਿਲੀਜ਼ ਮਿਤੀ ਸਾਂਝੀ ਕੀਤੀ ਹੈ। ਇਹ ਪੋਸਟਰ ਸਾਂਝਾ ਕਰਦਿਆਂ ਉਨ੍ਹਾਂ ਕਿਹਾ, ‘ਅਸੀਂ ਕ੍ਰਿਸਮਸ ਦੇ ਖ਼ੂਬਸੂਰਤ ਮੌਕੇ ਦੀ ਉਡੀਕ ਕਰ ਰਹੇ ਹਾਂ। ‘ਮੈਰੀ ਕ੍ਰਿਸਮਸ’ ਤੁਹਾਡੇ ਨੇੜਲੇ ਸਿਨੇਮਾਘਰਾਂ ਵਿੱਚ 15 ਦਸੰਬਰ ਨੂੰ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਟਿਪਸ ਫਿਲਮਜ਼ ਤੇ ਮੈਚਬਾਕਸ ਪਿਕਚਰਜ਼ ਦੀ ਪੇਸ਼ਕਸ਼ ਹੈ, ਜਿਸ ਦਾ ਨਿਰਦੇਸ਼ਨ ਸ੍ਰੀਰਾਮ ਰਾਘਵਨ ਨੇ ਕੀਤਾ ਹੈ। ਜ਼ਿਕਰਯੋਗ ਹੈ ਕਿ ਰਾਘਵਨ ਇਸ ਤੋਂ ਪਹਿਲਾਂ ‘ਜੌਹਨੀ ਗੱਦਾਰ’, ‘ਬਦਲਾਪੁਰ’ ਤੇ ‘ਅੰਧਾਧੁਨ’ ਦਾ ਨਿਰਦੇਸ਼ਨ ਕਰ ਚੁੱਕੇ ਹਨ। ਨਿਰਦੇਸ਼ਕ ਦਾ ਦਾਅਵਾ ਹੈ ਕਿ ਉਸ ਦੀ ਇਹ ਫਿਲਮ ਓਨੀ ਹੀ ਵੱਖਰੀ ਤੇ ਦਿਲਚਸਪ ਹੋਵੇਗੀ, ਜਿੰਨੀਆਂ ਉਸ ਦੀਆਂ ਪਹਿਲੀਆਂ ਫਿਲਮਾਂ ਸਨ। ਹਿੰਦੀ ਭਾਸ਼ਾ ਵਿੱਚ ਤਿਆਰ ਹੋ ਰਹੀ ਇਸ ਫਿਲਮ ਵਿੱਚ ਸੰਜੈ ਕਪੂਰ, ਵਿਨੈ ਪਾਠਕ, ਪ੍ਰਤਿਮਾ ਕੰਨਨ ਤੇ ਟੀਨੂ ਆਨੰਦ ਜਦਕਿ ਤਾਮਿਲ ਭਾਸ਼ਾ ਵਿੱਚ ਤਿਆਰ ਹੋਣ ਵਾਲੀ ਫਿਲਮ ਵਿੱਚ ਰਾਧਿਕਾ ਸ਼ਰਤਕੁਮਾਰ, ਸ਼ਾਂਮੁਗਰਾਜਾ, ਦੇਵਿਨ ਜਯ ਬਾਬੂ ਤੇ ਰਾਜ਼ੇਸ਼ ਵਿਲੀਅਮਜ਼ ਮੁੱਖ ਭੂਮਿਕਾਵਾਂ ਨਿਭਾਅ ਰਹੇ ਹਨ।

## ਅਮਿਤਾਭ ਬੱਚਨ ਨੇ ਪੁਰਾਣੇ ਦਿਨ ਯਾਦ ਕੀਤੇ

ਮੁੰਬਈ: ਬੌਲੀਵੁਡ ਸੁਪਰਸਟਾਰ ਅਮਿਤਾਭ ਬੱਚਨ ਨੇ ਪੁਰਾਣੇ ਚੰਗੇ ਦਿਨਾਂ ਨੂੰ ਯਾਦ ਕਰਦਿਆਂ ਆਪਣੀ ਪੁਰਾਣੀ ਤਸਵੀਰ ਸਾਂਝੀ ਕੀਤੀ ਹੈ। ਬਿੱਗ ਬੀ ਨੇ ਅੱਜ ਇੰਸਟਾਗ੍ਰਾਮ ‘ਤੇ ਤਸਵੀਰ ਪੋਸਟ ਕਰਦਿਆਂ ਉਸ ਦੀ ਕੈਪਸ਼ਨ ‘ਚ ਲਿਖਿਆ, “ਅੱਛੇ ਦਿਨ ਥੇ ਯਾਰ!! ਇਸ ਤਸਵੀਰ ਵਿੱਚ ਅਮਿਤਾਭ ਚਿੱਟੀ ਕਮੀਜ਼ ਅਤੇ ਕਾਲੇ ਚਮੜੇ ਦੀ ਜੈਕੇਟ ਤੇ ਡੈਨਿਮ ਪੈਂਟ ਵਿਚ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਸੁਪਰਸਟਾਰ ਨੇ ਲੰਬੇ ਭੂਰੇ ਬੂਟ ਅਤੇ ਕਾਲੀਆਂ ਐਨਕਾਂ ਲਾਈਆਂ ਹੋਈਆਂ ਹਨ। ਇਸ ਤਸਵੀਰ ਵਿਚ ਉਸ ਦੇ ਹੱਥ ਕੈਮਰਾ ਵੀ ਹੈ। ਇਹ ਤਸਵੀਰ ਸਾਂਝੀ ਕਰਨ ਤੋਂ ਬਾਅਦ ਉਸ ਦੇ ਪ੍ਰਸ਼ੰਸਕਾਂ ਨੇ ਦਿਲ ਤੇ ਫਾਇਰ ਦੀਆਂ ਇਮੋਜੀ ਨਾਲ ਪਿਆਰ ਜ਼ਾਹਿਰ ਕੀਤਾ ਹੈ। ਇਕ ਪ੍ਰਸੰਸਕ ਨੇ ਲਿਖਿਆ, ‘ਤੁਸੀਂ ਹਾਲੇ ਵੀ ਜਵਾਨ ਹੋ।‘ ਇਕ ਹੋਰ ਪ੍ਰਸ਼ੰਸਕ ਨੇ ਟਿੱਪਣੀ ਕੀਤੀ, ‘‘ਐਵਰਗਰੀਨ ਹੈਂਡਸਮ।’

# ਹਰਭਜਨ ਸਿੰਘ ਹੁੰਦਲ ਨਾਲ ਅਖ਼ੀਰੀ ਗੱਲਾਂ ਕਰਦਿਆਂ...

**ਗੁਰਭਜਨ ਗਿੱਲ**

ਕੱਲ੍ਹ ਹਰਭਜਨ ਸਿੰਘ ਹੁੰਦਲ ਜੀ ਦੇ ਜਾਣ ਮਗਰੋਂ ਪਰਿਵਾਰ ਵੱਲੋਂ ਜੰਬਾ ਰੀਜ਼ਾਰਟ ਫਿੱਲਵਾਂ( ਕਪੂਰਥਲਾ) ਵਿੱਚ ਸ਼ਰਧਾਜਲੀ ਸਮਾਗਮ ਸੀ। ਸਾਰੇ ਹੀ ਸਨ ਓਥੇ, ਹੁੰਦਲ ਦੇ ਲਿਖਾਰੀ, ਸਿਆਸੀ ਤੇ ਸਮਾਜਿਕ ਸਾਂਝੀਦਾਰਾਂ ਤੋਂ ਬਿਨਾ ਰਿਸ਼ਤੇ ਨਾਤਿਉਂ ਸਨੇਹੀ ਸੱਜਣ।

ਤੁਸੀਂ ਪੁੱਛੋਗੇ, ਕੌਣ ਕੌਣ ਸੀ ਓਥੇ। ਮੈਂ ਕਹਿੰਦਾ ਹਾਂ, ਕੌਣ ਨਹੀਂ ਸੀ ਓਥੇ।

ਸੁਰਜੀਤ ਪਾਤਰ, ਲਖਵਿੰਦਰ ਜੌਹਲ, ਸੁਖਦੇਵ ਸਿੰਘ ਸਿਰਸਾ, ਡਾ□ ਅਨੂਪ ਸਿੰਘ ਬਟਾਲਾ, ਪ੍ਰੋ. ਸੁਰਜੀਤ ਜੱਜ, ਡਾ□ ਗੁਰਇਕਬਾਲ ਸਿੰਘ, ਹਰਮੀਤ ਵਿਦਿਆਰਥੀ, ਡਾ□ ਹਘਬੀਰ ਕੌਰ,ਹਰਵਿੰਦਰ ਭੰਡਾਲ, ਸ਼ੇਲਿੰਦਰਜੀਤ ਸਿੰਘ , ਰਘਬੀਰ ਸਿੰਘ ਸੋਹਲ, ਵਰਗਿਸ ਸਲਾਮਤ, ਪ੍ਰਿੰਸੀਪਲ ਤਰਸੇਮ ਸਿੰਘ ਬੰਗਾ, ਡਾ□ ਹੀਰਾ ਸਿੰਘ ਖ਼ਾਲਸਾ ਕਾਲਿਜ ਅੰਮ੍ਰਿਤਸਰ, ਪ੍ਰਿੰਸੀਪਲ ਡਾ□ ਸੁਖਵਿੰਦਰ ਸਿੰਘ ਰੰਧਾਵਾ, ਨਕੋਦਰ, ਧਰਮਿੰਦਰ ਸਿੰਘ ਢੀਂਡਸਾ,ਧਰਵਿੰਦਰ ਸਿੰਘ ਔਲਖ, ਹਰਭਜਨ ਸਿੰਘ ਬਾਜਵਾ ਬਟਾਲਾ,ਗੁਰਮੀਤ ਸਿੰਘ ਬਾਜਵਾ ਤੇ ਰਾਜ ਕਲਾਨੌਰ, ਰਮੇਸ਼ ਯਾਦਵ, ਭੁਪਿੰਦਰ ਸੰਧੂ, ਸੁਰਿੰਦਰਜੀਤ ਚੌਹਾਨ, ਵਿਸ਼ਾਲ, ਸੁਲੱਖਣ ਸਰਹੱਦੀ ਤੇ ਮੱਖਣ ਕੋਹਾੜ ਦੋਵੇਂ ਭਰਾ। ਪ੍ਰੋ. ਤੇਜਿੰਦਰ ਵਿਰਲੀ, ਪ੍ਰੋ□ ਜਸਬੀਰ ਸਿੰਘ ਧਾਲੀਵਾਲ,ਮੇਰੇ ਅਧਿਆਪਕ ਮਾਸਟਰ ਰਘਬੀਰ ਸਿੰਘ ਬਟਾਲਿਓਂ। ਬਦੇਸ਼ਾਂ ਚੋ ਸੁਰਿੰਦਰ ਸਿੰਘ ਸੁੰਨੜ, ਪਰਮਜੀਤ ਕੌਰ ਦਿਓਲ, ਤੇ ਕਈ ਹੋਰ।

ਪਹਿਲਾਂ ਕਵੀਸ਼ਰ ਵੀਰ ਚੰਗਾ ਸੋਹਣਾ ਰੰਗ ਬੰਨ੍ਹ ਰਹੇ ਸਨ ਮਗਰੋਂ □ਹੁਣ□ਮੈਗਜ਼ੀਨ ਦਾ ਸੰਪਾਦਕ ਸੁਸ਼ੀਲ ਦੋਸਾਂਝ ਮੰਚ ਤੇ ਸਭ ਰੰਗ ਦੇ ਸੱਜਣ ਪੇਸ਼ ਕਰ ਰਿਹਾ ਸੀ। ਵਿਧਾਇਕ ਸੁਖਪਾਲ ਸਿੰਘ ਖਹਿਰਾ, ਸੁਰਜੀਤ ਪਾਤਰ, ਲਖਵਿੰਦਰ ਜੌਹਲ ,ਸੁਰਿੰਦਰ ਗਿੱਲ, ਹਰਕੰਵਲ ਸਿੰਘ, ਬੋਧ ਸਿੰਘ ਘੁੰਮਣ, ਦਰਸ਼ਨ ਸਿੰਘ ਧਾਲੀਵਾਲ, ਮੰਗਤ ਰਾਮ ਪਾਸਲਾ, ਪਰਗਟ ਸਿੰਘ ਜਾਮਾਰਾਏ,ਡਾ□ ਚਮਨ ਲਾਲ, ਸੁਲੱਖਣ ਸਰਹੱਦੀ ਸਮੇਤ ਕਿੰਨੇ ਬੁਲਾਰੇ। ਹੁੰਦਲ ਜੀ ਦੇ ਦਾਮਾਦ ਤੇ ਤਰਨ ਤਾਰਨ ਤੋਂ ਵਿਧਾਇਕ ਡਾ□ ਕਸ਼ਮੀਰ ਸਿੰਘ ਸੋਹਲ ਤੇ ਡਾ□ ਹਰਪ੍ਰੀਤ ਸਿੰਘ ਹੁੰਦਲ ਨੇ ਟੱਬਰ ਵੱਲੋਂ ਸ਼ੁਕਰਾਨਾ ਕੀਤਾ। ਟੋਰੰਟੋ ਤੋਂ ਆਇਆ ਨਿੱਕਾ ਪੁੱਤਰ ਹਰਿੰਦਰਪਾਲ ਸਿੰਘ ਹੁੰਦਲ ਤੇ ਬੇਟੀ ਨਵਜੋਤ ਕੌਰ ਤੇ ਮਾਤਾ ਰਘੁਬੀਰ ਕੌਰ ਹੁੰਦਲ ਸਭਨਾਂ ਨੂੰ ਮਿਲ ਰਹੇ ਸਨ, ਹਰੇਕ ਦੇ ਕੋਲ ਜਾ ਜਾ ਕੇ। ਪਰਿਵਾਰ ਵੱਲੋਂ ਹਰਭਜਨ ਸਿੰਘ ਹੁੰਦਲ ਦੀ ਸਵੈ ਜੀਵਨੀ □ਕਿਵੇਂ ਗੁਜ਼ਾਰੀ ਜ਼ਿੰਦਗੀ□ ਦਾ ਸਦਾਵਰਤ ਲਾਇਆ ਹੋਇਆ ਸੀ। ਪਾਕਿਸਤਾਨੋਂ ਬਾਬਾ ਨਜਮੀ ਦਾ ਬੋਲ ਕੇ ਘੱਲਿਆ ਸੰਦੇਸ਼ੜਾ ਪੌਣਾਂ ਚ ਤੈਰ ਰਿਹਾ ਸੀ।

ਮੈਨੂੰ ਰਹਿ ਰਹਿ ਕੇ ਚੇਤਾ ਆ ਰਿਹਾ ਸੀ ਪਿਛਲੀਂ ਅਨੇਕ ਮੁਲਾਕਾਤਾਂ ਦਾ।

ਮੈਂ ਜਦੋਂ ਵੀ ਮਿੱਤਰਾਂ ਸਮੇਤ ਬਟਾਲੇ ਜਾਂ ਮਾਝੇ ਚ ਕਿਤੇ ਹੋਰ ਜਾਂਦਾ ਤਾਂ ਬਹੁਤੀ ਵਾਰ ਫੱਤੂਚੱਕ ਰੁਕ ਕੇ ਹਰਭਜਨ ਸਿੰਘ ਹੁੰਦਲ ਨੂੰ ਚਰਨ ਬੰਦਨਾ ਕਰਨਾ ਨਾ ਭੁੱਲਦਾ।

ਉਹ ਮੇਰੇ ਲਈ ਹਮੇਸ਼ਾਂ ਚਾਨਣ ਮੀਨਾਰ ਰਿਹਾ। ਅਸਲ ਕਾਰਨ ਇਹ ਸੀ ਕਿ ਸਭ ਤੋਂ ਪਹਿਲਾਂ ਪੜ੍ਹੀਆਂ ਕਿਤਾਬਾਂ ਵਿੱਚ ਹੁੰਦਲ ਦੀਆਂ ਕਿਤਾਬਾਂ □ਮਾਰਗ□ਅਤੇ □ਮੁਖੌਟੇ□ਸ਼ਾਮਿਲ ਸਨ। ਉਨ੍ਹਾਂ ਦੇ ਸੱਜਣ ਪੰਜਾਬੀ ਕਵੀ ਸੁਰਿੰਦਰ ਗਿੱਲ ਜੀ ਨੇ ਮੈਨੂੰ ਪੜ੍ਹਨ ਨੂੰ ਦਿੱਤੀਆਂ ਸਨ। 1969 ਵਿੱਚ ਉਨ੍ਹਾਂ ਨੂੰ ਪਹਿਲੀ ਵਾਰ ਗੁਰੂ ਨਾਨਕ ਸ਼ਤਾਬਦੀ ਕਵੀ ਦਰਬਾਰ ਤੇ ਕਾਲਾ ਅਫ਼ਗਾਨਾ ਚ ਆਪਣੇ ਕਾਲਿਜ ਚ ਸੁਣਿਆ ਸੀ।

ਉਨ੍ਹਾਂ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਨਾਲ ਨੇੜਤਾ ਕਾਰਨ ਲੋਕ ਲਹਿਰ ਅਖ਼ਬਾਰ ਚ ਉਹ ਬਹੁਤ ਛਪਦੇ। ਸੁਹੇਲ ਸਿੰਘ ਇਸ ਅਖ਼ਬਾਰ ਦੇ ਸੰਪਾਦਕ ਸਨ। ਉਹ ਹੁੰਦਲ ਦੇ ਮਿੱਤਰ ਤੇ ਮੇਰੇ ਮਿਹਰਬਾਨ ਸਨ। ਉਨ੍ਹਾਂ ਕੋਲੋਂ ਹੁੰਦਲ ਦੀਆਂ ਕਿਤਾਬਾਂ ਅਕਸਰ ਪੜ੍ਹਨ ਨੂੰ ਮਿਲ ਜਾਂਦੀਆਂ।

ਹੁੰਦਲ ਦੀ ਸ਼ਾਇਰੀ ਚ ਲੋਕ ਭਾਸ਼ਾ ਤੇ ਤਿੱਖੀ ਤੇਜ਼ ਨਜ਼ਰ ਤੇ ਨਜ਼ਰੀਆ ਮੈਨੂੰ ਚੰਗਾ ਲੱਗਦਾ।

ਉਹ ਪਿਛਲੇ ਕੁਝ ਸਾਲਾਂ ਤੋਂ ਢਿੱਲੇ ਮੱਠੇ ਸਨ। ਗੱਲਾਂ ਕਰਦੇ ਵੀ ਥੱਕ ਜਾਂਦੇ। ਪਿਛਲੀ ਵਾਰ ਬਟਾਲੇ ਗਿਆ ਤਾਂ ਮੇਰੇ ਨਾਲ ਡਾ□ ਗੁਰਇਕਬਾਲ ਸਿੰਘ ਸੀ। ਮੈਂ ਗੱਲਾਂ ਰੀਕਾਰਡ ਕਰ ਰਿਹਾ ਸਾਂ। ਜੁਆਬ ਦਿੰਦੇ ਰਹੇ ਪਰ ਅਚਨਚੇਤ ਬੋਲੇ, ਚੱਲ ਛੱਡ ਯਾਰ ਹੁਣ ਮੈਂ ਥੱਕ ਗਿਆ ਹਾਂ।

ਕੁਝ ਦਿਨ ਪਹਿਲਾਂ ਮੈਂ ਉਨ੍ਹਾਂ ਦੇ ਵੱਡੇ ਸਪੁੱਤਰ ਡਾ. ਹਰਪ੍ਰੀਤ ਸਿੰਘ ਹੁੰਦਲ ਨੂੰ ਹੁੰਦਲ ਸਾਹਿਬ ਦਾ ਹਾਲ ਪੁੱਛਿਆ ਤਾਂ ਕਹਿਣ ਲੱਗਾ, ਹੁਣ ਨਿਢਾਲ ਨੇ। ਲੱਗਦਾ ਨਹੀਂ ਹੋਰ ਸਾਥ ਦੇਣ। ਮੋਹ ਤੋੜ ਰਹੇ ਨੇ।

ਮੇਰਾ ਗੱਚ ਭਰ ਆਇਆ। ਸਾਡਾ ਤਾਂ ਕਿਲ੍ਹਾ ਹੈ ਫੱਤੂ ਚੱਕ। ਜੇ ਇਹ ਕਿਲ੍ਹਾ ਢਹਿ ਗਿਆ ਤਾਂ ਕਿੱਥੇ ਰੁਕਿਆ ਕਰਾਂਗੇ ?ਅਸੀਂ ਜਦ ਮਿਲਣਾ, ਨੋਕ ਝੋਕ ਚੱਲਣੀ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਨਾਲ ਉਨ੍ਹਾਂ ਨੂੰ ਮੈਂ ਹੀ



ਜੋੜਿਆ ਸੀ ਪਰ ਕਦੇ ਵੀ ਉਨ੍ਹਾਂ ਮੈਨੂੰ ਥਾਪੜਾ ਨਾ ਦਿੱਤਾ। ਸਿਰਫ਼ ਇੱਕ ਵਾਰ ਉਹ ਮੇਰੇ ਅੰਗ ਸੰਗ ਰਹੇ ਜਦ ਪ੍ਰਧਾਨਗੀ ਲਈ ਮੇਰਾ ਮੁਕਾਬਲਾ ਡਾ□ ਸ. ਤਰਸੇਮ ਨਾਲ ਸੀ।

ਹੁੰਦਲ ਸਾਹਿਬ ਦੀ ਸ਼ਾਇਰੀ ਦਾ ਲਗਪਗ ਹਰ ਅੱਖਰ ਮੇਰੇ ਕੋਲ ਹੈ। ਕਾਫ਼ੀ ਅਨੁਵਾਦ ਪੁਸਤਕਾਂ ਵੀ। ਸਵੈ ਜੀਵਨੀ ਤੇ ਸਮੁੱਚੀ ਗ਼ਜ਼ਲ □ਮੇਰੇ ਬੋਲ □ ਤਾਂ ਉਨ੍ਹਾਂ ਮੈਨੂੰ ਆਪ ਸੌਂਪੀ ਸੀ।

ਇੱਕ ਵਾਰ ਦਰਸ਼ਨ ਬੁੱਟਰ ਤੇ ਮੈਂ ਸਾਹਿੱਤ ਸਭਾ ਬਾਬਾ ਬਕਾਲਾ ਦੇ ਸਮਾਗਮ ਲਈ ਜਾਂਦਿਆਂ ਫੱਤੂਚੱਕ ਰੁਕੇ। ਇਹ ਤਸਵੀਰ ਉਸੇ ਫੇਰੀ ਦੀ ਹੈ।

ਉਹ ਮੇਰਾ ਬਥੇਰਾ ਚਾਅ ਲੈਂਦੇ ਸਨ। ਇਸ ਬਾਰੇ ਏਧਰੋਂ ਓਧਰੋਂ ਮੈਨੂੰ ਕਨਸੋਅ ਮਿਲਦੀ ਰਹਿੰਦੀ।

ਟੋਰੰਟੋ ਤੋਂ ਮੇਰੇ ਮਿੱਤਰ ਪ੍ਰੋ.ਜਾਗੀਰ ਸਿੰਘ ਕਾਹਲੋਂ ਦਾ ਫ਼ੋਨ ਆਇਆ ਹੁਣੇ, ਕਹਿਣ ਲੱਗਾ, ਸਾਡਾ ਜਰਨੈਲ ਕਵੀ ਤੁਰ ਗਿਆ। ਸੱਚੀਂ ਜਰਨੈਲ ਸੀ ਉਹ। ਕਾਫ਼ਲੇ ਦਾ ਸ਼ਾਹ ਅਸਵਾਰ।

ਬਹੁਤ ਕੁਝ ਗੁਆਚ ਗਿਐ ਪਿਛਲੇ ਸਮੇਂ ਚ। ਕਿੰਨਾ ਵੱਡਾ ਤਾਰਾ ਮੰਡਲ ਸੀ ਸ ਸ ਮੀਸ਼ਾ, ਡਾ. ਜਗਤਾਰ, ਸੁਰਜੀਤ ਰਾਮਪੁਰੀ,ਰਣਧੀਰ ਸਿੰਘ ਚੰਦ, ਕੰਵਰ ਚੌਹਾਨ, ਗੁਰਦੇਵ ਨਿਰਧਨ, ਅਜਾਇਬ ਚਿਤਰਕਾਰ , ਗੁਰਚਰਨ ਰਾਮਪੁਰੀ ਤੇ ਕਈ ਹੋਰ। ਸਾਰੇ ਕਿਰਨ ਮ ਕਿਰਨੀ ਤੁਰ ਗਏ। ਅੱਜ ਹੁੰਦਲ ਵੀ ਫ਼ਤਹਿ ਬੁਲਾ ਗਿਆ।

ਤੁਹਾਨੂੰ ਪਤੈ ਹਰਭਜਨ ਸਿੰਘ ਹੁੰਦਲ ਦਾ ਜਨਮ 1934 ਚ ਲਾਇਲਪੁਰ (ਪਾਕਿਸਤਾਨ) ਵਿਚ ਹੋਇਆ ਸੀ। ਏਧਰੋਂ ਉਹ ਬੰਡਾਲਾ (ਨੇੜੇ ਜੰਡਿਆਲਾ ਗੁਰੂ) ਅੰਮ੍ਰਿਤਸਰ ਤੋਂ ਗਏ ਸਨ ਬਾਰ ਆਬਾਦ ਕਰਨ।

ਉਹ ਪੰਜਾਬੀ ਦੇ ਪ੍ਰਤਿਬੱਧ ਕਵੀ ਸਨ ਪਰ ਬਹੁ-ਪੱਖੀ ਲੇਖਕ ਵੀ, ਕਈ ਵੱਡੇ ਕਵੀਆਂ ਨੂੰ ਪੰਜਾਬੀ ਚ ਅਨੁਵਾਦ ਕੀਤਾ। ਲਿਪੀਅੰਤਰਣ ਕਰਕੇ ਬਾਬਾ ਨਜਮੀ ਪਹਿਲੀ ਵਾਰ ਏਧਰ ਉਨ੍ਹਾਂ ਹੀ ਛਾਪਿਆ। ਹਬੀਬ ਜਾਲਿਬ ਤੇ ਫ਼ੈਜ਼ ਅਹਿਮਦ ਫ਼ੈਜ ਬਾਰੇ ਦੋ ਕਿਤਾਬਾਂ ਤਾਂ ਪੰਜਾਬੀ ਸਾਹਿੱਤ ਅਕਾਡਮੀ ਨੇ ਛਾਪੀਆਂ।

ਉਹ ਮਾਰਕਸਵਾਦ ਨੂੰ ਕਵਿਤਾ ਰਾਹੀਂ ਆਪਣੇ ਸੰਘਰਸ਼ ਦਾ ਰਹਿਨੁਮਾ ਦਰਸ਼ਨ ਮੰਨਦੇ ਸਨ। ਇਸ ਲਈ ਉਹ ਆਪਣੇ ਕਾਵਿ ਨੂੰ ਲੋਕ ਮੁਕਤੀ ਦਾ ਸਾਧਨ ਸਮਝਦੇ। ਉਨ੍ਹਾਂ ਨੇ ਕਾਵਿ ਰਚਨਾ, ਰੇਖਾ ਚਿੱਤਰ, ਸਵੈਜੀਵਨੀ ਆਦਿ ਦੇ ਨਾਲ-ਨਾਲ ਵਿਸ਼ਵ ਕਵਿਤਾ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ। 1992 ਤੋਂ ਉਹ ਤ੍ਰੈਮਾਸਿਕ ਰਸਾਲੇ 'ਚਿਰਾਗ' ਦਾ ਸੰਪਾਦਨ ਕਰਦੇ ਸਨ ਪਰ ਬਦ ਵਿੱਚ ਉਨ੍ਹਾਂ ਇਹ ਸੇਵਾ ਡਾ□ ਕਰਮਜੀਤ ਸਿੰਘ ਨੂੰ ਸੌਂਪ ਦਿੱਤੀ। ਉਨ੍ਹਾਂ ਦੀਆਂ ਕਾਵਿ ਰਚਨਾਵਾਂ: ਮਾਰਗ (1965) , ਅਸਲ ਗੱਲ (1974), ਕਾਲੇ ਦਿਨ (1978), ਜੇਲ੍ਹ ਅੰਦਰ ਜੇਲ੍ਹ (1982), ਚਾਨਣ ਦਾ ਸਰਨਾਵਾਂ (1986), ਅੱਗ ਦਾ ਬੂਟਾ (1986), ਸਤਲੁਜ ਦਾ ਸਰਨਾਵਾਂ (1993), ਜੰਗਨਾਮਾ ਪੰਜਾਬ (1994), ਰੰਗ ਆਪੋ ਆਪਣਾ (2000), ਮੇਰੇ ਸਮਕਾਲੀ ਕਵੀ (2002 ), ਕਵਿਤਾ ਦੀ ਤਲਾਸ਼ (2003), ਕਵੀਆਂ ਦੇ ਅੰਗ ਸੰਗ (2004), ਸੰਨ ਸੰਤਾਲੀ ਦੇ ਦਿਨ (2007), ਨਜ਼ਰਬੰਦੀ ਦੇ ਦਿਨ (2007), ਕਵਿਤਾ ਦੇ ਰੂ-ਬਰੂ (2007), ਮੇਰੀ ਗ਼ਜ਼ਲ (2010), ਸਿਤਾਰਿਆਂ ਦੀ ਸੱਥ (2011); ਅਨੁਵਾਦ: ਪਾਬਲੋ ਨੇਰੂਦਾ ਚੋਣਵੀਂ ਕਵਿਤਾ, ਨਾਜ਼ਿਮ ਹਿਕਮਤ ਚੋਣਵੀਂ ਕਵਿਤਾ, ਚੋਣਵੀਂ ਕਵਿਤਾ: ਮਹਿਮੂਦ ਦਰਵੇਸ਼, ਸੰਪਾਦਨ: ਬਾਬਾ ਨਜਮੀ ਦੀ ਚੋਣਵੀਂ ਕਵਿਤਾ, ਸਫਰਨਾਮਾ, ਕੰਧ ਉਹਲੇ ਪ੍ਰਦੇਸ਼ (1999); ਜੀਵਨੀ: ਚਿਤਰਕਾਰ ਜਰਨੈਲ ਸਿੰਘ, ਸਾਹਿਤਿਕ ਸ੍ਵੈ-ਜੀਵਨੀ, ਲੋਕਾਂ ਦੀ ਨਰਤਕੀ: ਆਈਸਾਡੋਰਾ ਡੰਕਨ; ਹੋਰ: ਦੋਸਤੀਨਾਮਾ (2005) ਤੇ ਕਈ ਹੋਰ।

ਕਲਮ ਦੇ ਸੂਰਬੀਰ ਯੋਧੇ ਨੂੰ ਸਲਾਮ।

ਉਨ੍ਹਾਂ ਦਾ ਵੱਡਾ ਪੁੱਤਰ ਹਰਪ੍ਰੀਤ ਸਿੰਘ ਹੁੰਦਲ(ਸਿੱਖ ਨੈਸ਼ਨਲ ਕਾਲਿਜ ਕਾਦੀਆਂ ਦਾ ਪ੍ਰਿੰਸੀਪਲ) ਦੱਸ ਰਿਹਾ ਸੀ ਕਿ ਨਿੱਕੇ ਵੀਰ ਹਰਿੰਦਰਪਾਲ ਸਿੰਘ ਦੇ ਕੈਨੇਡਾ ਤੋਂ ਆਉਣ ਤੇ ਹੀ ਅੰਤਿਮ ਸੰਸਕਾਰ ਹੋਵੇਗਾ।

ਹਰਭਜਨ ਸਿੰਘ ਹੁੰਦਲ ਦੀ 1964 ਵਿੱਚ ਲਿਖੀ ਇੱਕ ਲਿਖਤ ਨਾਲ ਤੁਸੀਂ ਵੀ ਸਾਂਝ ਪਾਉ।

## ਸਾਡੇ ਵੇਲੇ

ਦਿਨ ਢਲਿਆ, ਤਰਕਾਲਾਂ ਪਈਆਂ,
ਫੜ ਕੇ ਡਾਂਗ, ਡੰਗੋਰੀ, ਸੋਟਾ,
ਚੌਂਕ 'ਚ ਡੱਠੇ ਤਖਤ-ਪੋਸ਼ ਤੇ,
ਆ ਬੈਠੇ ਨੇ ਬਿਰਧ ਪੁਰਾਣੇ ।

ਗੱਲਾਂ ਵਿਚੋਂ ਗੱਲ ਤੁਰਦੀ ਹੈ,
ਹਰ ਗੱਲ ਪਿਛੇ ਨੂੰ ਮੁੜਦੀ ਹੈ ।

"ਕੱਤੇਂ ਸਾਰਾ ਲੰਘ ਗਿਆ ਹੈ
ਹਾਲੀ ਵੀ ਭੋਂ ਵੱਤ ਨਹੀਂ ਆਈ ।"
"ਪਹਿਲੋਂ ਔੜਾਂ ਮਾਰਦੀਆਂ ਨੇ
ਜੇ ਮੀਂਹ ਪੈਂਦਾ,
ਫਿਰ ਥੰਮਣ ਦਾ ਨਾਂ ਨਹੀਂ ਲੈਂਦਾ ।"

"ਲਾਭ ਸਿਆਂ, ਭਈ ਮੈਨੂੰ ਜਾਪੇ
ਸਾਡੇ ਨਾਲ ਵਾਹਿਗੁਰੂ ਜੀਕਣ
ਗੁੱਸੇ ਹੋਇਆ
ਸਾਡੇ ਵੇਲੇ ਇੰਜ ਕਦੇ ਨਾ ਮੀਂਹ ਪੈਂਦੇ ਸੀ ।"
ਮੈਂ ਤੇ ਕਹਿਨਾਂ,
"ਕਲਜੁਗ ਆਇਆ
ਹਰ ਗੱਲ ਪੁੱਠੀ ਹੀ ਸੁਣਦੇ ਹਾਂ ।
ਉਲਟੀ ਪੌਣ ਸਮੇਂ ਦੀ ਵਗਦੀ ।"

"ਹੋਰ ਸੁਣੀ ਊਂ ਗੱਲ ਅਨੋਖੀ ।
ਨੰਬਰਦਾਰਾਂ ਦੀ ਨੂੰਹ ਨਿੱਕੀ,
ਘਰ ਦਾ ਸੀਣਾਂ ਪੀਹਣਾਂ ਛੱਡ ਕੇ,
ਦਫਤਰ ਵਿਚ ਨੌਕਰੀ ਕਰਦੀ ।"

"ਸਾਡੇ ਵੇਲੇ ਕਦੇ ਭਰਾਵਾ
ਭਾਵੇਂ ਪਾਣੀ ਸਿਰ ਤੋਂ ਲੰਘੇ
ਭਾਵੇਂ ਕਿਵੇਂ ਗੁਜ਼ਾਰਾ ਕਰਦੀ ।
ਪਰ ਤ੍ਰੀਮਤ ਪੈਰ ਆਪਣੇ
ਘਰੋਂ ਬਾਹਰ ਨਹੀਂ ਸੀ ਧਰਦੀ ।"

"ਮੈਂ ਤੇ ਲੱਖਾਂ ਦੀ ਇੱਕ ਆਖਾਂ
ਬੰਦੇ ਦੇ ਹੀ ਕੰਮ ਕੀਤਿਆਂ
ਬਰਕਤ ਪੈਂਦੀ ।
ਤੀਵੀਂ ਤੇ ਘਰ ਦਾ ਗਹਿਣਾ ।
ਚਾਰਦੀਵਾਰੀ ਦੇ ਹੀ ਅੰਦਰ
ਸੁਹਣੀ ਲੱਗਦੀ ।"

"ਕੱਲ੍ਹ ਅਸਾਡਾ ਨਿੱਕਾ ਜੀਤਾ
ਆਖਣ ਲੱਗਾ,
'ਹੁਣ ਬੰਦੇ ਨੇ ਚਹੁੰ ਸਾਲਾਂ ਨੂੰ
ਚੰਨ ਦੇ ਉਤੇ ਚੜ੍ਹ ਕੇ ਬਾਬਾ,
ਆਪਣਾ ਝੰਡਾ ਗੱਡ ਦੇਣਾ ਹੈ'
"ਇੰਜ ਕਦੇ ਪਰ ਹੋ ਸਕਦਾ ਹੈ !
ਮੈਂ ਤੇ ਕਹਿਨਾ,
ਵਿਚ ਦਫਤਰਾਂ,
ਵਿਹਲੇ ਬਹਿ ਅਖਬਾਰਾਂ ਵਾਲੇ
ਰਹਿਣ ਛੱਡਦੇ ਨਿਤ ਹਵਾਈਆਂ ।"

"ਕੀ ਕੀ ਕਹੀਏ ਤੇ ਕੀ ਸੁਣੀਏ
ਕੱਲ੍ਹ ਦੇ ਜੰਮਿਆਂ ਨੂੰ ਹੁਣ ਭਾਈ,
ਜੇ ਕੁਝ ਕਹੀਏ,
ਗਿੱਠ ਗਿੱਠ ਲੰਮੀਆਂ ਜੀਭਾਂ ਕੱਢ ਕੇ,
ਅੱਗੋਂ ਵੱਢਣ ਨੂੰ ਨੇ ਪੈਂਦੇ,
ਗੱਲ ਅਸਾਡੀ ਨੂੰ ਨਹੀਂ ਸਹਿੰਦੇ ।"

"ਹੁਣ ਤੇ ਚੁਪ ਰਹਿਣਾ ਹੀ ਚੰਗਾ,
ਇਕ ਚੁਪ ਤੇ ਸੌ ਸੁੱਖਾਂ ਨੇ ।
ਸਭ ਲੁਟਾ ਕੇ ਛੱਡ ਛਡਾ ਕੇ,
ਇਕ ਪਾਸੇ ਹੋ ਬੈਠ ਗਏ ਹਾਂ ।
"ਸਾਡੇ ਵੱਲੋਂ ਛੋਕਰ ਵਾਧਾ
ਖੇਹ ਉਡਾਵੇ, ਸਿਰ ਵਿਚ ਪਾਵੇ,
ਢਠੇ ਖੂਹ ਵਿਚ ਛਾਲਾਂ ਮਾਰੇ ।





# ਪੰਜਾਬ ਦੀ ਦਮਦਾਰ ਆਵਾਜ਼

# ਸੁਰਿੰਦਰ ਛਿੰਦਾ

ਸੁਰਿੰਦਰ ਛਿੰਦਾ ਪੰਜਾਬੀ ਸੰਗੀਤਕ ਖੇਤਰ ਵਿੱਚ ਉਹ ਨਾਂ ਹੈ ਜੋ ਪਿਛਲੇ ਚਾਰ ਦਹਾਕਿਆਂ ਤੋਂ ਵੀ ਉੱਪਰ ਗਾਇਕੀ ਦੇ ਮੈਦਾਨ ਵਿੱਚ ਅੱਜ ਵੀ ਹਿੱਕ ਤਾਣ ਗਾਉਂਦਾ ਨਜ਼ਰ ਆਉਂਦਾ ਹੈ। ਜੇਕਰ ਉਸ ਦੇ ਗਾਇਕੀ ਦੇ ਸਫ਼ਰ ਦੀ ਗੱਲ ਕਰੀਏ ਤਾਂ ਉਹ ਲੋਕ ਰੰਗ, ਸੱਭਿਆਚਾਰਕ, ਲੋਕ ਗਾਥਾਵਾਂ ਤੇ ਪਰਿਵਾਰਕ ਰਿਸ਼ਤਿਆਂ ਦੇ ਰੰਗ 'ਚ ਚੁਲਬੁਲੇ ਦੋਗਾਣਿਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਆਪਣੇ ਸਮਕਾਲੀ ਗਾਇਕ ਮੁਹੰਮਦ ਸਦੀਕ, ਕੁਲਦੀਪ ਮਾਣਕ, ਕਰਤਾਰ ਰਮਲਾ, ਕਰਨੈਲ ਗਿੱਲ, ਦੀਦਾਰ ਸੰਧੂ, ਜਸਵੰਤ ਸੰਦੀਲਾ, ਕੇ ਦੀਪ, ਜਗਮੋਹਨ ਕੌਰ, ਗੁਰਮੀਤ ਬਾਵਾ, ਨਰਿੰਦਰ ਬੀਬਾ ਤੇ ਹਾਕਮ ਬਖਤੜੀ ਵਾਲਾ ਵਰਗੇ ਅਨੇਕਾਂ ਹੀ ਹੋਰ ਕਲਾਕਾਰਾਂ ਵਿੱਚੋਂ ਸਿਰਕੱਢਵਾਂ ਗਵੱਈਆ ਹੈ। ਖੁੱਲ੍ਹੇ ਡੁੱਲ੍ਹੇ ਸਰੀਰ ਵਾਲਾ ਸੁਰਿੰਦਰ ਛਿੰਦਾ ਜਦੋਂ ਚੌੜੀ ਛਾਤੀ ਤਾਣ ਸਟੇਜ 'ਤੇ ਆਪਣੀਆਂ ਸੁਰ ਕਲਾਵਾਂ ਨੂੰ ਛੇੜਦਾ ਹੈ ਤਾਂ ਉਹ ਪੰਡਾਲ 'ਚ ਬੈਠੇ ਸਰੋਤਿਆਂ ਨੂੰ ਹੀ ਨਹੀਂ ਬਲਕਿ ਵਗਦੀਆਂ ਹਵਾਵਾਂ ਨੂੰ ਵੀ ਰੁਮਕਣ ਲਾ ਦਿੰਦਾ ਹੈ। ਇਸ ਗਾਇਕੀ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਛੋਟੀ ਅਯਾਲੀ ਦੇ ਰਹਿਣ ਵਾਲੇ ਮਿਸਤਰੀ ਬਚਨ ਰਾਮ ਤੇ ਮਾਤਾ ਵਿਦਿਆਵਤੀ ਦੇ ਘਰ ਹੋਇਆ। ਪਰਿਵਾਰਕ ਰਿਸ਼ਤਿਆਂ 'ਚੋਂ ਮਿਲੀ ਸੰਗੀਤ ਦੀ ਗੁੜ੍ਹਤੀ ਨੇ ਅੱਖਾਂ ਖੋਲ੍ਹਦਿਆਂ ਹੀ ਸੁਰਿੰਦਰ ਪਾਲ ਧਾਮੀ ਅੰਦਰ ਸੰਗੀਤ ਦਾ ਅਜਿਹਾ ਬੀਜ ਬੋਇਆ ਜੋ ਉਮਰ ਦੇ ਪੜਾਅ ਨਾਲ ਅੰਦਰੋਂ ਅੰਦਰੀਂ ਜਵਾਨ ਹੋਣ ਲੱਗਾ। ਆਪਣੇ ਸ਼ੌਕ ਦੀ ਪੂਰਤੀ ਲਈ ਉਸ ਨੇ ਸੰਗੀਤ ਜਗਤ ਦੇ ਉਸਤਾਦ ਮੰਨੇ ਜਾਣ ਵਾਲੇ ਜਸਵੰਤ ਭੰਵਰਾ ਨੂੰ ਆਪਣਾ ਮੁਰਸ਼ਦ ਧਾਰ ਕੇ ਸੰਗੀਤ ਦੀਆਂ ਬਾਰੀਕੀਆਂ ਨੂੰ ਸਿੱਖਿਆ। ਲੰਮੀ ਮਿਹਨਤ ਤੋਂ ਬਾਅਦ ਜਦੋਂ ਉਸਤਾਦ ਰੂਪੀ ਮਾਲੀ ਨੂੰ ਆਪਣੇ ਬੂਟੇ 'ਤੇ ਸੰਗੀਤਕ ਕਲਾਵਾਂ ਦਾ ਬੂਰ ਨਜ਼ਰ ਆਉਣ ਲੱਗਾ ਤਾਂ ਉਸ ਨੂੰ ਆਪਣੇ ਆਸ਼ੀਰਵਾਦ ਦਾ ਪਾਣੀ ਪਾ ਵਿਸ਼ਾਲ ਰੁੱਖ ਬਣਨ ਲਈ ਸੰਗੀਤ ਦੇ ਵਿਹੜੇ ਲਗਾ ਦਿੱਤਾ। ਸੰਗੀਤ ਦੇ ਸੰਘਣੇ ਰੁੱਖਾਂ 'ਚ ਪੁੰਗਰਦਾ ਗਾਇਕੀ ਦਾ ਇਹ ਬੂਟਾ ਆਪਣੀ ਮਿਹਨਤ ਦੀ ਹਵਾ ਨਾਲ ਕਲਾ ਦੀ ਮਿੱਠੀ ਮਿੱਠੀ ਮਹਿਕ ਖਿਡਾਉਣ ਲੱਗਾ। ਸਮੇਂ ਦੇ ਨਾਲ ਸੰਗੀਤ ਦਾ ਇਹ ਬੂਟਾ ਆਸਾਂ ਦੀ ਜ਼ਮੀਨ ਵਿੱਚ ਆਪਣੀ ਕਾਮਯਾਬੀ ਦੀਆਂ ਜੜ੍ਹਾਂ ਨੂੰ ਮਿਹਨਤ ਦੇ ਹੱਲ ਨਾਲ ਹੋਰ ਡੂੰਘਾਈ ਵਿੱਚ ਲਾਉਂਦਾ ਗਿਆ ਤੇ ਆਖ਼ਰਕਾਰ ਸੰਗੀਤ ਦੇ ਪਿੜ ਵਿੱਚੋਂ ਸ਼ਬਦ ਅਤੇ ਆਵਾਜ਼ ਦੇ ਸੁਮੇਲ ਨਾਲ 'ਉੱਚਾ ਬੁਰਜ ਲਾਹੌਰ ਦਾ' ਨਾਂ ਦੀ ਅਜਿਹੀ ਹਨੇਰੀ ਆਈ ਜਿਸ ਨੇ ਗਾਇਕੀ ਦੇ ਸੰਘਣੇ ਰੁੱਖਾਂ ਦੀਆਂ ਜੜ੍ਹਾਂ ਤੱਕ ਹਿਲਾ ਦਿੱਤੀਆਂ। ਬਸ ਉਸ ਤੋਂ ਬਾਅਦ ਸੁਰਿੰਦਰ ਛਿੰਦਾ ਨਾਂ ਦਾ ਇਹ ਵਾਵਰੋਲਾ ਸੰਗੀਤ ਦੇ ਖੇਤਰ ਵਿੱਚ ਗਾਇਕੀ ਦਾ ਤੂਫ਼ਾਨ ਬਣ ਵੱਡੀ ਤੋਂ ਵੱਡੀ ਸੰਗੀਤਕ ਚਟਾਨ ਨੂੰ ਹਿਲਾਉਣ ਦੀ ਸਮਰੱਥਾ ਰੱਖਣ ਲੱਗਾ।

> ਸੁਰਿੰਦਰ ਛਿੰਦਾ ਉਨ੍ਹਾਂ ਸਮਿਆਂ ਦਾ ਪੁਰਾਤਨ ਗਾਇਕ ਹੈ ਜਦੋਂ ਰਿਕਾਰਡ ਦਾ ਯੁੱਗ ਸੱਭਿਆਚਾਰ ਦੀ ਹਿੱਕ 'ਤੇ ਧਾਂਕ ਜਮਾਈ ਬੈਠਾ ਸੀ। ਉਹ ਆਪਣੇ ਸਮਕਾਲੀ ਗਾਇਕਾਂ ਦੇ ਨਾਲ ਅੱਜ ਵੀ ਪੰਜਾਬੀਅਤ ਦਾ ਝੰਡਾ ਚੁੱਕ ਮੋਹਰੀ ਤੁਰਿਆ ਆ ਰਿਹਾ ਹੈ। ਉਸ ਨੇ ਪੰਜਾਬੀ ਸੰਗੀਤ ਤੋਂ ਇਲਾਵਾ ਫਿਲਮਾਂ ਵਿੱਚ ਵੀ ਆਪਣਾ ਧੜੱਲੇਦਾਰ ਅਭਿਨੈ ਨਿਭਾ ਕੇ ਆਪਣੀ ਅਦਾਕਾਰੀ ਦੀ ਵੱਖਰੀ ਛਾਪ ਛੱਡੀ ਹੈ। ਜਿਵੇਂ ਕਿ 'ਪੁੱਤ ਜੱਟਾਂ ਦ', 'ਉੱਚਾ ਦਰ ਬਾਬੇ ਨਾਨਕ ਦਾ', 'ਬਦਲਾ ਜੱਟੀ ਦਾ', 'ਜੱਟ ਜਿਊਣਾ ਮੌੜ', 'ਬਗਾਵਤ', 'ਹੰਕਾਰ', 'ਚੜ੍ਹਦਾ ਸੂਰਜ', 'ਟਰੱਕ ਡਰਾਈਵਰ', 'ਜੱਟ ਪੰਜਾਬ ਦਾ' ਅਤੇ 'ਜੱਟ ਯੋਧੇ' ਵਰਗੀਆਂ ਹੋਰ ਫਿਲਮਾਂ ਦੇ ਨਾਂ ਸ਼ਾਮਲ ਹਨ।



ਜੇਕਰ ਸੁਰਿੰਦਰ ਛਿੰਦੇ ਦੇ ਗੀਤਾਂ ਦੀ ਗੱਲ ਕਰੀਏ ਤਾਂ ਉਸ ਨੇ ਇੱਕ ਨਹੀਂ ਦੋ ਨਹੀਂ ਬਲਕਿ ਸੈਂਕੜੇ ਗੀਤ ਰਿਕਾਰਡ ਕਰਵਾ ਕੇ ਆਪਣੇ ਨਾਂ ਦੀ ਵੱਖਰੀ ਮਿਸਾਲ ਕਾਇਮ ਕੀਤੀ। ਉਸ ਦੇ ਦਰਜਨਾਂ ਹਿੱਟ ਗੀਤਾਂ ਨੇ ਮੱਲੋ ਮੱਲੀ ਉਸ ਨੂੰ ਸਿਰਮੌਰ ਗਾਇਕ ਦਾ ਖਿਤਾਬ ਦਿਵਾ ਦਿੱਤਾ। ਜਿਵੇਂ ਕਿ 'ਉੱਚਾ ਬੁਰਜ ਲਾਹੌਰ ਦਾ', 'ਜੱਟ ਮਿਰਜ਼ਾ ਖਰਲਾਂ ਦਾ', 'ਪੁੱਤ ਜੱਟਾਂ ਦੇ', 'ਰੱਖ ਲਏ ਕਲੰਡਰ ਯਾਰਾਂ', 'ਦੋ ਊਠਾਂ ਵਾਲੇ', 'ਤਾਰਾ ਰਾਣੀ', 'ਇਹ ਮਿੱਤ ਕਿਸੇ ਦਾ ਨਾ', 'ਨੈਣਾਂ ਦੇ ਵਣਜਾਰੇ', 'ਜਿਊਣਾ ਮੌੜ', 'ਤੀਆਂ ਲੌਂਗੋਵਾਲ ਦੀਆਂ', 'ਜੱਗਾ ਜੱਟ', 'ਮੈਂ ਨਾ ਅੰਗਰੇਜ਼ੀ ਜਾਣਦੀ', 'ਦਿੱਲੀ ਸ਼ਹਿਰ ਦੀਆਂ ਕੁੜੀਆਂ', 'ਗੱਲਾਂ ਸੋਹਣੇ ਯਾਰ ਦੀਆਂ', 'ਬਾਬਿਆਂ ਦੇ ਚੱਲ ਚੱਲੀਏ', 'ਜੰਨ ਚੜ੍ਹੀ ਅਮਲੀ ਦੀ' ਅਤੇ 'ਮੁੰਡੇ ਕਹਿਣ ਮਿਸ ਇੰਡੀਆ' ਵਰਗੇ ਅਨੇਕਾਂ ਹੋਰ ਗੀਤ। ਸੁਰਿੰਦਰ ਛਿੰਦਾ ਉਨ੍ਹਾਂ ਸਮਿਆਂ ਦਾ ਪੁਰਾਤਨ ਗਾਇਕ ਹੈ ਜਦੋਂ ਰਿਕਾਰਡ ਦਾ ਯੁੱਗ ਸੱਭਿਆਚਾਰ ਦੀ ਹਿੱਕ 'ਤੇ ਧਾਂਕ ਜਮਾਈ ਬੈਠਾ ਸੀ। ਉਹ ਆਪਣੇ ਸਮਕਾਲੀ ਗਾਇਕਾਂ ਦੇ ਨਾਲ ਅੱਜ ਵੀ ਪੰਜਾਬੀਅਤ ਦਾ ਝੰਡਾ ਚੁੱਕ ਮੋਹਰੀ ਤੁਰਿਆ ਆ ਰਿਹਾ ਹੈ। ਉਸ ਨੇ ਪੰਜਾਬੀ ਸੰਗੀਤ ਤੋਂ ਇਲਾਵਾ ਫਿਲਮਾਂ ਵਿੱਚ ਵੀ ਆਪਣਾ ਧੜੱਲੇਦਾਰ ਅਭਿਨੈ ਨਿਭਾ ਕੇ ਆਪਣੀ ਅਦਾਕਾਰੀ ਦੀ ਵੱਖਰੀ ਛਾਪ ਛੱਡੀ ਹੈ। ਜਿਵੇ ਕਿ 'ਪੁੱਤ ਜੱਟਾਂ ਦੇ', 'ਉੱਚਾ ਦਰ ਬਾਬੇ ਨਾਨਕ ਦਾ', 'ਬਦਲਾ ਜੱਟੀ ਦਾ', 'ਜੱਟ ਜਿਊਣਾ ਮੌੜ', 'ਬਗਾਵਤ', 'ਹੰਕਾਰ', 'ਚੜ੍ਹਦਾ ਸੂਰਜ', 'ਟਰੱਕ ਡਰਾਈਵਰ', 'ਜੱਟ ਪੰਜਾਬ ਦਾ' ਅਤੇ 'ਜੱਟ ਯੋਧੇ' ਵਰਗੀਆਂ ਹੋਰ ਫਿਲਮਾਂ ਦੇ ਨਾਂ ਸ਼ਾਮਲ ਹਨ। ਹਰ ਪੱਖ ਤੋਂ ਕਾਮਯਾਬੀ ਹਾਸਲ ਕਰਨ ਵਾਲਾ ਸੁਰਿੰਦਰ ਛਿੰਦਾ ਰਿਕਾਰਡਾਂ ਦੇ ਯੁੱਗ ਤੋਂ ਲੈ ਕੇ ਅੱਜ ਸਿੰਗਲ ਟ੍ਰੈਕ ਦੇ ਦੌਰ ਵਿੱਚ ਵੀ ਆਪਣੀ ਗਾਇਕੀ ਦਾ ਲੋਹਾ ਮਨਵਾ ਰਿਹਾ ਹੈ। ਉਸ ਦੇ ਨਵੇਂ ਚਰਿੱਤਰ ਗੀਤ ਉਸ ਦੀ ਦਮਦਾਰ ਆਵਾਜ਼ ਦੀ ਗਵਾਹੀ ਭਰਦੇ ਹਨ। ਉਹ ਪੰਜਾਬੀ ਗਾਇਕੀ ਦਾ ਉਹ ਸੁਨਹਿਰੀ ਦੌਰ ਹੈ ਜੋ ਪੁਰਾਤਨ ਸਮੇਂ ਦੀਆਂ ਨਾਮਵਰ ਦੇਵ ਥਰੀਕਿਆਂ ਵਾਲਾ, ਜੱਗਾ ਗਿੱਲ ਨੱਥੋ ਹੇੜੀ ਵਾਲਾ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਹਾਕਮ ਬਖ਼ਤੜੀ ਵਾਲਾ, ਸੇਵਾ ਨੌਰਥ, ਸਨਮੁੱਖ ਆਜ਼ਾਦ, ਕਰਨੈਲ ਸਿਵੀਆਂ, ਅਮਰੀਕ ਤਲਵੰਡੀ, ਬਚਨ ਬੇਦਿਲ ਕਲਮਾਂ ਤੋਂ ਲੈ ਕੇ ਅਜੋਕੇ ਦੌਰ ਵਿੱਚ ਵੀ ਨਵੀਆਂ ਕਲਮਾਂ ਭੱਟੀ ਬੜੀ ਵਾਲਾ, ਕਾਲਾ ਸੰਘਿਆਂ ਵਾਲਾ, ਜਸਵੀਰ ਗੁਣਾਚੌਰੀਆ, ਬਿੱਟੂ ਦੌਲਤਪੁਰੀਆ ਨੂੰ ਗਾਉਣ ਦਾ ਮਾਣ ਹਾਸਲ ਕਰ ਰਿਹਾ ਹੈ। ਪੰਜਾਬੀ ਗਾਇਕੀ ਦਾ ਇਹ ਸ਼ਾਹ ਅਸਵਾਰ ਗਾਇਕ ਅੱਜ ਵੀ ਸੰਗੀਤ ਦੇ ਬਦਲਵੇਂ ਦੌਰ ਵਿੱਚ ਸੱਭਿਆਚਾਰ ਦੇ ਮੈਦਾਨ ਵਿੱਚ ਡਟ ਕੇ ਪੰਜਾਬੀਅਤ ਦੇ ਝੰਡੇ ਨੂੰ ਬੁਲੰਦ ਕਰ ਰਿਹਾ ਹੈ। ਸ਼ਾਲਾ! ਉਹ ਆਪਣੀ ਆਵਾਜ਼ ਨਾਲ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਦਿਆਂ ਆਪਣੇ ਗੀਤਾਂ ਜਿੰਨੀ ਲੰਬੀ ਉਮਰ ਮਾਣੇ।

**—ਸਰੂਪ ਸਿੰਘ**


# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

THANK YOU FOR MAKING US

2022

Outstanding Achievement

National TOP 20%

PRIVATE MORTGAGES

No Worries... We Can Help!

Easily available Private Mortgage could be just what you need.

★ Up to $5 million available
★ $10,000 to $1 million in just 24 Hours



★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers

invis
Canada's Mortgage Experts™
MORTGAGE INTELLIGENCE®

Call today to get started

SANJEEV KATYAL
604.767.5194
info@katyalmortgage.ca

WWW.KATYALMORTGAGE.CA


fruiticana hee jaana!
Your one and only Punjabi neighbourhood store
ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$20.99 bag
EXTRA SUPER SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.98 ea.
Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Cherries
ਚੈਰੀਆਂ
$1.99 lb
SUPER SUPER SPECIAL
Rajan Mangoes Kent/Haden
ਰਾਜਨ ਅੰਬ ਕੈਂਟ / ਹੈਡਨ
$12.99 box
SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.49 lb
Chickpeas
ਚਿੱਟੇ ਛੋਲੇ
99¢ lb
Plain Gur 22 lbs box
ਪੇਸ਼ੀ ਗੁੜ
$19.99 box
SUPER SPECIAL
Cilantro
ਧਣੀਆ
2 bunches for 99¢
SUPER SPECIAL
Spinach
ਪਾਲਕ
99¢ bunch
Sweet Seedless Watermelons
ਬਿਨਾਂ ਬੀਜ ਹਦਵਾਣਾ
79¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Broccoli Crown
ਬਰੌਕਲੀ ਕਰਾਊਨ
$1.49 lb
Petha Kadhu
ਪੇਠਾ ਕੱਦੂ
99¢ lb
Fresh BC Tinda
ਬੀਸੀ ਤਾਜ਼ੇ ਟੀਂਡੇ
99¢ lb
Almonds #1
ਬਦਾਮ
$3.98 lb
Rooh Afza Indian 750 ml
ਰੂਹ ਅਫਜ਼ਾ
$3.99 bottle
English Cucumbers
ਇੰਗਲਿਸ਼ ਖੀਰੇ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
99¢ lb
Gala Apples
ਗਾਲਾ ਸੇਬ
$1.49 lb
Pink Lady Apples
ਪੀਂਕ ਲੇਡੀ ਐਪਲ
99¢ lb
Green Cardamom (Elaichi) IBG
ਹਰੀ ਇਲਾਇਚੀ
$13.99 lb
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ,ਧੋਤੀ ਮਸਰਾਂ ਦੀ ਦਾਲ (ਇੰਡੀਕੈਂਨ)
$3.98 bag
Opo Squash (Long)
ਓਪੋ ਕੱਦੂ
88¢ lb
Daikon (Moli)
ਮੂਲੀ
98¢ lb
Green Beans BC
ਹਰੀਆਂ ਫਲੀਆਂ ਬੀਸੀ
$1.99 lb
Zucchini Squash
ਜ਼ੁਕੀਨੀ ਸਕੁਐਸ਼
99¢ lb
Plain Gur 2 lbs Shell
ਪੇਸ਼ੀ ਗੁੜ
$2.99 pkg.
Fri July 21, 2023 - Wed July 26, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ----------------- 604-244-9520